# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਡਾਇਰੈਕਟ ਬੈਨੀਫਿਟ ਟਰਾਂਸਫਰ (ਕੈਸ਼ ਟਰਾਂਸਫਰ) ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟ

लोकहितार्थ सत्यनिष्ठा
Dedicated to Truth in Public Interest

## ਪੰਜਾਬ ਸਰਕਾਰ

*ਸਾਲ 2022 ਦੀ ਰਿਪੋਰਟ ਨੰ. 1*

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ

# ਡਾਇਰੈਕਟ ਬੈਨੀਫਿਟ ਟਰਾਂਸਫਰ (ਕੈਸ਼ ਟਰਾਂਸਫਰ)

# ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟ

**ਪੰਜਾਬ ਸਰਕਾਰ**

*ਸਾਲ 2022 ਦੀ ਰਿਪੋਰਟ ਨੰ. 1*

## ਵਿਸ਼ਾ ਸਾਰਣੀ


| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਭੂਮਿਕਾ | | v |
| ਕਾਰਜਕਾਰੀ ਸਾਰ | | vii-xiii |
| **ਅਧਿਆਇ-I: ਜਾਣ-ਪਛਾਣ** | | |
| ਪਿਛੋਕੜ | 1.1 | 1-2 |
| ਡਾਇਰੈਕਟ ਬੈਨੀਫਿਟ ਟਰਾਂਸਫਰ ਦੀਆਂ ਪੂਰਵ-ਸ਼ਰਤਾਂ | 1.2 | 2-3 |
| ਰਾਜ ਵਿੱਚ ਡਾਇਰੈਕਟ ਬੈਨੀਫਿਟ ਟਰਾਂਸਫਰ ਦੀ ਸਥਿਤੀ | 1.3 | 3-5 |
| **ਅਧਿਆਇ-II: ਲੇਖਾ ਪ੍ਰੀਖਿਆ ਢਾਂਚਾ** | | |
| ਵਿਭਾਗ ਦੀ ਚੋਣ | 2.1 | 7 |
| ਸੰਗਠਨਾਤਮਕ ਢਾਂਚਾ | 2.2 | 7-8 |
| ਚੁਣੀਆਂ ਗਈਆਂ ਸਕੀਮਾਂ ਦਾ ਸੰਖੇਪ ਵਰਣਨ | 2.3 | 8-11 |
| ਲੇਖਾ ਪ੍ਰੀਖਿਆ ਉਦੇਸ਼ | 2.4 | 11 |
| ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਵਿਧੀ | 2.5 | 11-12 |
| ਲੇਖਾ ਪ੍ਰੀਖਿਆ ਮਾਪਦੰਡ | 2.6 | 13 |
| ਲੇਖਾ ਪ੍ਰੀਖਿਆ ਲੱਭਤਾਂ ਨੂੰ ਸੰਗਠਿਤ ਕਰਨਾ | 2.7 | 13 |
| ਧੰਨਵਾਦ ਦਾ ਪ੍ਰਗਟਾਵਾ | 2.8 | 13 |
| **ਅਧਿਆਇ-III: ਡਾਇਰੈਕਟ ਬੈਨੀਫਿਟ ਟਰਾਂਸਫਰ ਨੂੰ ਲਾਗੂ ਕਰਨ ਲਈ ਪ੍ਰਕ੍ਰਿਆ ਦੀ ਮੁੜ-ਇੰਜੀਨੀਅਰਿੰਗ** | | |
| ਵਿੱਤੀ ਪ੍ਰਬੰਧਨ | 3.1 | 15-17 |
| ਡਾਇਰੈਕਟ ਬੈਨੀਫਿਟ ਟਰਾਂਸਫਰ ਢਾਂਚਾ | 3.2 | 17-21 |
| ਵਿਰਾਸਤੀ ਡਾਟਾ ਦੀ ਮਾਈਗ੍ਰੇਸ਼ਨ | 3.3 | 21-22 |
| ਇਨਪੁੱਟ ਅਤੇ ਪ੍ਰਮਾਣਿਕਤਾ ਕੰਟਰੋਲ | 3.4 | 22-25 |
| ਡਾਟਾਬੇਸ ਵਿੱਚ ਡੁਪਲੀਕੇਟ ਰਿਕਾਰਡ ਦੇ ਕਾਰਣ ਵਿੱਤੀ ਸਹਾਇਤਾ ਦਾ ਅਯੋਗ ਭੁਗਤਾਨ | 3.5 | 25-28 |

| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਅਯੋਗ ਲਾਭਪਾਤਰੀਆਂ ਨੂੰ ਬਾਹਰ ਨਾ ਕਰਨਾ | 3.6 | 28-30 |
| ਓ ਏ ਪੀ ਅਤੇ ਐਫ ਏ ਡਬਲਿਊ ਡੀ ਡਬਲਿਓ ਦੋਵੇਂ ਸਕੀਮਾਂ ਅਧੀਨ ਮਹਿਲਾ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਵੰਡ | 3.7 | 30-31 |
| ਵਿੱਤੀ ਸਹਾਇਤਾ ਦੇ ਅਯੋਗ ਭੁਗਤਾਨ ਦੀ ਵਸੂਲੀ ਨਾ ਹੋਣਾ | 3.8 | 32-33 |
| ਯੋਗ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਤੋਂ ਇਨਕਾਰ | 3.9 | 33-36 |
| ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਮਨਜ਼ੂਰੀ/ਅਦਾਇਗੀ ਵਿੱਚ ਦੇਰੀ | 3.10 | 36-38 |
| ਮਾਸਟਰ ਡਾਟਾਬੇਸ ਵਿੱਚ ਸੋਧ | 3.11 | 38 |
| ਵਿੱਤੀ ਸਹਾਇਤਾ ਦੇ ਭੁਗਤਾਨ ਲਈ ਯੋਗਤਾ ਮਾਪਦੰਡਾਂ ਦਾ ਗੈਰ-ਤਸਦੀਕਣ | 3.12 | 39 |
| ਮ੍ਰਿਤਕ ਲਾਭਪਾਤਰੀਆਂ ਦੀ ਪਛਾਣ | 3.13 | 39-40 |
| ਹੋਰ ਨੁਕਤੇ | 3.14 | 40-43 |
| ਸਕੀਮ ਡਿਜ਼ਾਈਨ | 3.15 | 43-44 |
| ਸਿੱਟੇ | 3.16 | 44-46 |
| ਸਿਫਾਰਸ਼ਾਂ | 3.17 | 46 |
| **ਅਧਿਆਇ-IV: ਡਾਇਰੈਕਟ ਬੈਨੀਫਿਟ ਟਰਾਂਸਫਰ ਦਾ ਬੁਨਿਆਦੀ ਢਾਂਚਾ, ਸੰਗਠਨ ਅਤੇ ਪ੍ਰਬੰਧਨ** | | |
| ਰਾਜ ਡਾਇਰੈਕਟ ਬੈਨੀਫਿਟ ਟਰਾਂਸਫਰ ਸੈੱਲ | 4.1 | 47-51 |
| ਰਾਜ ਡਾਇਰੈਕਟ ਬੈਨੀਫਿਟ ਟਰਾਂਸਫਰ ਪੋਰਟਲ ਦੀ ਹੋਸਟਿੰਗ | 4.2 | 51-53 |
| ਲਾਭਪਾਤਰੀਆਂ ਦੇ ਡਾਟਾ ਨੂੰ ਰੀਅਲ ਟਾਈਮ ਕੈਪਚਰ ਕਰਨ ਦੀ ਵਿਵਸਥਾ ਨਾ ਹੋਣਾ | 4.3 | 53-54 |
| ਸਮਾਜਿਕ ਸੁਰੱਖਿਆ ਸਕੀਮਾਂ ਵਿੱਚ ਡਾਟਾ ਦਾ ਮੇਲ ਨਾ ਖਾਣਾ | 4.4 | 54-55 |
| ਆਫਤ ਰਿਕਵਰੀ ਅਤੇ ਕਾਰੋਬਾਰੀ ਨਿਰੰਤਰਤਾ ਯੋਜਨਾ | 4.5 | 55-56 |
| ਪਾਸਵਰਡ ਨੀਤੀ | 4.6 | 56-57 |
| ਸਿੱਟੇ | 4.7 | 57-58 |
| ਸਿਫਾਰਸ਼ਾਂ | 4.8 | 58-59 |

# ਅੰਤਿਕਾਵਾਂ



| ਵੇਰਵੇ | ਹਵਾਲੇ ਵਿੱਚ | |
|---|---|---|
| | ਅੰਤਿਕਾ | ਪੰਨਾ |
| ਸਾਲ 2017-2021 (ਜੁਲਾਈ 2020 ਤੱਕ) ਦੇ ਦੌਰਾਨ ਡੀ ਬੀ ਟੀ (ਕੈਸ਼ ਟਰਾਂਸਫਰ) ਦੇ ਅਧੀਨ ਸਕੀਮਾਂ ਦੀ ਕੁੱਲ ਸੰਖਿਆ, ਕਵਰ ਕੀਤੇ ਲਾਭਪਾਤਰੀਆਂ ਅਤੇ ਕੀਤੇ ਖਰਚੇ ਦੇ ਵਿਭਾਗ ਵਾਰ ਵੇਰਵੇ | 1.1 | 61-62 |
| 2017-2021 (ਜੁਲਾਈ 2020 ਤੱਕ) ਦੇ ਦੌਰਾਨ ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਦੁਆਰਾ ਲਾਗੂ ਕੀਤੀਆਂ ਜਾ ਰਹੀਆਂ ਡੀ ਬੀ ਟੀ (ਕੈਸ਼ ਟਰਾਂਸਫਰ) ਅਧੀਨ ਸਕੀਮਾਂ ਦੇ ਵੇਰਵੇ | 2.1 | 63-65 |

# ਭੂਮਿਕਾ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਅਪ੍ਰੈਲ 2017 ਤੋਂ ਜੁਲਾਈ 2020 ਦੇ ਸਮੇਂ ਲਈ ਇਹ ਰਿਪੋਰਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ।

ਇਸ ਰਿਪੋਰਟ ਵਿੱਚ ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ, ਪੰਜਾਬ ਸਰਕਾਰ, ਦੁਆਰਾ ਰਾਜ ਦੇ ਡਾਇਰੈਕਟ ਬੈਨੀਫਿਟ ਟਰਾਂਸਫਰ ਸੈੱਲ ਦੇ ਤਾਲਮੇਲ ਨਾਲ ਲਾਗੂ ਕੀਤੀਆਂ ਜਾ ਰਹੀਆਂ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧ ਵਿੱਚ ਅਪ੍ਰੈਲ 2017 ਤੋਂ ਜੁਲਾਈ 2020 ਦੇ ਸਮੇਂ ਲਈ ਸ਼ਾਸਨ ਸੁਧਾਰ ਤੇ ਜਨਤਕ ਸ਼ਿਕਾਇਤਾਂ ਵਿਭਾਗ, ਪੰਜਾਬ ਸਰਕਾਰ ਦੇ ਨਿਯੰਤਰਣ ਅਧੀਨ ਡਾਇਰੈਕਟ ਬੈਨੀਫਿਟ ਟਰਾਂਸਫਰ (ਕੈਸ਼ ਟਰਾਂਸਫਰ) ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੇ ਨਤੀਜੇ ਸ਼ਾਮਲ ਹਨ।

ਲੇਖਾ ਪ੍ਰੀਖਿਆ ਦਾ ਸੰਚਾਲਨ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਲੇਖਾ ਪ੍ਰੀਖਿਆ ਮਿਆਰਾਂ ਅਨੁਸਾਰ ਕੀਤਾ ਗਿਆ ਹੈ।

ਲੇਖਾ ਪ੍ਰੀਖਿਆ ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਅਤੇ ਸ਼ਾਸਨ ਸੁਧਾਰ ਤੇ ਜਨਤਕ ਸ਼ਿਕਾਇਤਾਂ ਵਿਭਾਗ ਤੋਂ ਪ੍ਰਾਪਤ ਸਹਿਯੋਗ ਲਈ ਧੰਨਵਾਦ ਪ੍ਰਗਟ ਕਰਦੀ ਹੈ।

**ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਕ ਮੰਨਿਆ ਜਾਵੇ ਜੀ ।**

# ਕਾਰਜਕਾਰੀ ਸਾਰ

## ਕਾਰਜਕਾਰੀ ਸਾਰ

ਇਸ ਰਿਪੋਰਟ ਵਿੱਚ ਅਪ੍ਰੈਲ 2017 ਤੋਂ ਜੁਲਾਈ 2020 ਦੇ ਸਮੇਂ ਨੂੰ ਕਵਰ ਕਰਦੇ ਹੋਏ ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਅਤੇ ਸ਼ਾਸਨ ਸੁਧਾਰ ਤੇ ਜਨਤਕ ਸ਼ਿਕਾਇਤਾਂ ਵਿਭਾਗ, ਪੰਜਾਬ ਸਰਕਾਰ ਵਿੱਚ ਡਾਇਰੈਕਟ ਬੈਨੀਫਿਟ ਟਰਾਂਸਫਰ (ਕੈਸ਼ ਟਰਾਂਸਫਰ) ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੇ ਮਹੱਤਵਪੂਰਣ ਨਤੀਜ਼ੇ ਸ਼ਾਮਲ ਹਨ।

### ਜਾਣ-ਪਛਾਣ

ਡਾਇਰੈਕਟ ਬੈਨੀਫਿਟ ਟਰਾਂਸਫਰ (ਡੀ ਬੀ ਟੀ) ਭਾਰਤ ਸਰਕਾਰ ਵੱਲੋਂ 1 ਜਨਵਰੀ 2013 ਨੂੰ ਆਧੁਨਿਕ ਜਾਣਕਾਰੀ ਅਤੇ ਸੰਚਾਰ ਟੈਕਨਾਲੋਜੀ (ਆਈ ਸੀ ਟੀ) ਦੀ ਵਰਤੋਂ ਕਰਦੇ ਹੋਏ ਮੌਜੂਦਾ ਮੁਸ਼ਕਲ ਵੰਡ ਪ੍ਰਕਿਆਵਾਂ ਦੀ ਮੁੜ-ਇੰਜਨੀਅਰਿੰਗ ਕਰਨ ਲਈ ਮੁੱਖ ਸੁਧਾਰ ਪਹਿਲਕਦਮੀ ਸ਼ੁਰੂ ਕੀਤੀ ਗਈ ਹੈ। ਡੀ ਬੀ ਟੀ ਦਾ ਦਾਇਰਾ ਸ਼ੁਰੂਆਤੀ ਸਮੇਂ ਤੋਂ ਹੁਣ ਤੱਕ ਫੈਲਿਆ ਹੋਇਆ ਹੈ ਜਿਸ ਅਧੀਨ (i) ਕੈਸ਼ ਟਰਾਂਸਫਰਾਂ; (ii) ਵਸਤਾਂ ਦੇ ਰੂਪ ਵਿੱਚ ਟਰਾਂਸਫਰਾਂ; ਅਤੇ (iii) ਹੋਰ ਟਰਾਂਸਫਰਾਂ ਲਾਭ ਸ਼ਾਮਲ ਹਨ। ਡੀ ਬੀ ਟੀ ਦਾ ਉਦੇਸ਼ ਅਧਾਰ ਦੀ ਵਰਤੋਂ ਇੱਕ ਵਿੱਲਖਣ ਪਛਾਣ ਕਰਤਾ ਦੇ ਨਾਲ ਨਾਲ ਇੱਕ ਵਿਅਕਤੀਗਤ ਲਾਭਪਾਤਰੀ ਦੇ ਵਿੱਤੀ ਪਤੇ ਦੇ ਰੂਪ ਵਿੱਚ ਕਰਕੇ ਪੂਰੇ ਦੇਸ਼ ਵਿੱਚ ਸਮਾਜ ਭਲਾਈ ਸਕੀਮਾਂ ਅਤੇ ਪ੍ਰੋਗ੍ਰਾਮਾਂ ਨੂੰ ਲਾਗੂ ਕਰਨ ਦੇ ਢੰਗ ਨੂੰ ਬਦਲਣਾ ਹੈ। ਇਹ ਲੀਕੇਜ਼ ਨੂੰ ਹਟਾ ਕੇ ਅਤੇ ਵਿੱਤੀ ਵਾਧੇ ਸਮੇਤ ਸਿੱਧੇ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਉਜ਼ਰਤ ਅਦਾਇਗੀਆਂ, ਬਾਲਣ ਸਬਸਿਡੀਆਂ, ਅਨਾਜ ਸਬਸਿਡੀਆਂ, ਆਦਿ ਦੇ ਲਾਭ ਪਹੁੰਚਾਉਣ ਦੀ ਪ੍ਰਕ੍ਰਿਆ ਵਿੱਚ ਇੱਕ ਉਦਾਹਰਣ-ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ।

ਪੰਜਾਬ ਰਾਜ ਵਿੱਚ ਡੀ ਬੀ ਟੀ ਦੇ ਲਾਗੂ ਕਰਨ ਤੋਂ ਬਾਅਦ (ਮਾਰਚ 2017) ਡੀ ਬੀ ਟੀ ਅਧੀਨ ਸਕੀਮਾਂ (ਕੈਸ਼ ਟਰਾਂਸਫਰ) ਦੀ ਗਿਣਤੀ ਵਿੱਚ ਕਵਰੇਜ 2017-18 ਵਿੱਚ 51 ਸਕੀਮਾਂ ਤੋਂ ਵੱਧ ਕੇ 2020-21 (ਜੁਲਾਈ 2020 ਤੱਕ) ਵਿੱਚ 94 ਹੋ ਗਈ।

### ਲੇਖਾ ਪ੍ਰੀਖਿਆ ਢਾਂਚਾ

ਇਸਦੇ ਚਿਤਵੇਂ ਨਤੀਜਿਆਂ ਦੀ ਪ੍ਰਾਪਤੀ, ਵੱਧ ਰਿਹਾ ਵਿੱਤੀ ਆਊਟਲੇਅ ਅਤੇ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧਤ ਪ੍ਰਭਾਵ ਦੀ ਗੰਭੀਰਤਾ ਤੇ ਵਿਚਾਰ ਕਰਦੇ ਹੋਏ, ਜਿਸ ਦਾ ਉਦੇਸ਼ ਆਰਥਿਕ ਕਮੀ ਨੂੰ ਘੱਟ ਕਰਨ ਲਈ ਮਹੀਨਾਵਾਰ ਵਿੱਤੀ ਸਹਾਇਤਾ ਮੁੱਹਈਆ ਕਰਵਾਉਣ ਲਈ ਸਮਾਜਿਕ ਸੁਰੱਖਿਆ ਅਤੇ ਮਹਿਲਾਵਾਂ ਤੇ ਬਾਲ ਵਿਕਾਸ ਵਿਭਾਗ (ਡੀ ਐਸ ਐਸ ਡਬਲਿਊ ਸੀ ਡੀ) ਵੱਲੋਂ ਲਾਗੂ ਕੀਤੀਆਂ ਜਾ ਰਹੀਆ ਤਿੰਨ ਸਕੀਮਾਂ ਭਾਵ ਬੁਢਾਪਾ ਪੈਨਸ਼ਨ (ਓ ਏ ਪੀ), ਵਿਧਵਾਵਾਂ ਅਤੇ ਬੇਸਹਾਰਾ ਮਹਿਲਾਵਾਂ ਨੂੰ ਵਿੱਤੀ ਸਹਾਇਤਾ (ਐਫ ਏ ਡਬਲਿਊ ਡੀ ਡਬਲਿਊ) ਅਤੇ ਆਸ਼੍ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ (ਐਫ ਏ ਡੀ ਸੀ) ਅਤੇ ਇਨ੍ਹਾਂ ਦੇ ਅਧੀਨ ਕੀਤੇ ਗਏ ਸਭ ਤੋਂ ਵੱਧ ਖਰਚੇ ਨੂੰ ਧਿਆਨ ਵਿੱਚ ਰੱਖਦੇ ਹੋਏ ਅਪ੍ਰੈਲ 2017 ਤੋਂ ਜੁਲਾਈ 2020 ਦੇ ਸਮੇਂ ਨੂੰ ਕਵਰ ਕਰਦੇ ਹੋਏ ਡੀ ਬੀ ਟੀ (ਕੈਸ਼ ਟਰਾਂਸਫਰ) ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੇ ਸੰਚਾਲਨ ਲਈ ਚੋਣ ਕੀਤੀ

ਗਈ ਸੀ। ਇਸ ਦੇ ਇਲਾਵਾ, ਰਾਜ ਡੀ ਬੀ ਟੀ ਪੋਰਟਲ ਅਤੇ ਪੈਨਸ਼ਨ ਲਾਭਪਾਤਰੀ ਪ੍ਰਬੰਧਨ ਸਿਸਟਮ (ਪੀ ਬੀ ਐਮ ਐਸ) ਅਤੇ ਸ਼ਾਸ਼ਨ ਸੁਧਾਰ ਤੇ ਜਨਤਕ ਸ਼ਿਕਾਇਤਾਂ (ਡੀ ਜੀ ਆਰ ਪੀ ਜੀ) ਵਿਭਾਗ ਵੱਲੋਂ ਰੱਖੇ ਜਾ ਰਹੇ ਰਿਕਾਰਡ/ਡਾਟਾ ਦੀ ਵੀ ਨਮੂਨਾ ਜਾਂਚ ਕੀਤੀ ਗਈ ਸੀ।

ਡੀ ਬੀ ਟੀ (ਕੈਸ਼ ਟਰਾਂਸਫਰ) ਅਧੀਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਕਰਨ ਦਾ ਲੇਖਾ ਪ੍ਰੀਖਿਆ ਦਾ ਉਦੇਸ਼ ਇਹ ਪਤਾ ਲਗਾਉਣਾ ਸੀ; (i) ਕੀ ਡੀ ਬੀ ਟੀ ਲਾਗੂਕਰਣ ਲਈ ਮੁੜ-ਇੰਜਨੀਅਰਿੰਗ ਦੀ ਜਰੂਰੀ ਪ੍ਰਕ੍ਰਿਆ ਕੀਤੀ ਗਈ ਸੀ ਤਾਂ ਕਿ ਵਿਚੋਲੀਏ ਪੱਧਰ, ਚਿਤਵੇਂ ਲਾਭਪਾਤਰੀਆਂ ਨੂੰ ਭੁਗਤਾਨਾਂ ਵਿੱਚ ਦੇਰੀ ਅਤੇ ਪਿਲਫਰਿਜ਼ ਅਤੇ ਡੁਪਲੀਕੇਸ਼ਨ ਨੂੰ ਘੱਟ ਤੋਂ ਘੱਟ ਕੀਤਾ ਜਾਵੇਂ; ਅਤੇ (ii) ਕੀ ਡੀ ਬੀ ਟੀ ਦਾ ਬੁਨਿਆਦੀ ਢਾਂਚਾ, ਸੰਗਠਨ ਅਤੇ ਪ੍ਰਬੰਧਨ ਲੋੜੀਂਦਾ ਅਤੇ ਪ੍ਰਭਾਵਸ਼ਾਲੀ ਸੀ।

ਦੋ ਲੇਖਾ ਪ੍ਰੀਖਿਆ ਉਦੇਸ਼ਾਂ ਵਿੱਚ ਹਰੇਕ ਨਾਲ ਸਬੰਧਤ ਲੇਖਾ ਪ੍ਰੀਖਿਆ ਲੱਭਤਾਂ, ਸਿੱਟੇ ਅਤੇ ਸਿਫਾਰਸ਼ਾਂ ਨੂੰ ਅਸਾਨੀ ਨਾਲ ਸਮਝਣ ਦੀ ਸਹੂਲਤ ਅਤੇ ਪੈਰਵ੍ਹੀ ਲਈ ਦੋ ਵੱਖਰੇ ਅਧਿਆਇਆਂ, ਅਧਿਆਇ III ਅਤੇ IV ਵਿੱਚ ਜਾਣਕਾਰੀ ਦਿੱਤੀ ਗਈ ਹੈ।

## ਡਾਇਰੈਕਟ ਬੈਨੀਫਿਟ ਟਰਾਂਸਫਰ ਨੂੰ ਲਾਗੂ ਕਰਨ ਲਈ ਪ੍ਰਕ੍ਰਿਆ ਦੀ ਮੁੜ-ਇੰਜੀਨੀਅਰਿੰਗ

ਵਿਭਾਗ ਦੁਆਰਾ ਲਾਗੂ ਕੀਤੀ ਗਈ ਪ੍ਰਕ੍ਰਿਆ ਡੀ ਬੀ ਟੀ ਢਾਂਚੇ ਦੀ ਭਾਵਨਾ ਨਾਲ ਮੇਲ ਨਹੀਂ ਖਾਂਦੀ ਸੀ ਜਿਸ ਤਹਿਤ ਲਾਭਾਂ ਦਾ ਤਬਾਦਲਾ ਸਿੱਧਾ ਲਾਭਪਾਤਰੀਆਂ ਨੂੰ ਕੀਤਾ ਜਾਣਾ ਚਾਹੀਦਾ ਹੈ। ਪ੍ਰਕ੍ਰਿਆ ਨੂੰ ਲਾਭ ਟਰਾਂਸਫਰ ਕਿਹਾ ਜਾ ਸਕਦਾ ਹੈ, ਪਰ "ਸਿੱਧਾ" ਲਾਭ ਟਰਾਂਸਫਰ ਨਹੀਂ ਕਿਹਾ ਜਾ ਸਕਦਾ। ਸਾਰੀਆਂ ਸਮਾਜਿਕ ਸੁਰੱਖਿਆ ਸਕੀਮਾਂ ਨੂੰ ਡੀ ਬੀ ਟੀ ਅਧੀਨ ਲਿਆਉਣ ਦੇ ਰਾਜ ਸਰਕਾਰ ਦੇ ਫੈਸਲੇ (ਮਾਰਚ 2017) ਦੇ ਤਿੰਨ ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ, ਡੀ ਐਸ ਐਸ ਡਬਲਿਊ ਸੀ ਡੀ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਵਿੱਤੀ ਸਹਾਇਤਾ ਦੇ ਭੁਗਤਾਨ ਵਿੱਚ ਸਿਰਫ ਇੱਕ ਵਿਚੋਲੀਏ ਪੱਧਰ (ਗ੍ਰਾਮ ਪੰਚਾਇਤ ਦੇ ਬੈਂਕ ਖਾਤੇ ਰਾਹੀ ਭੁਗਤਾਨ) ਨੂੰ ਘੱਟ ਕਰ ਸਕਿਆ।

**[ਪੈਰ੍ਹਾ 3.2.1]**

ਹਾਲਾਂਕਿ ਛੇ ਨਮੂਨਾ ਜਾਂਚ ਕੀਤੇ ਜਿਲ੍ਹਿਆਂ ਵਿੱਚ ਭਾਵੇਂ 92 *ਪ੍ਰਤੀਸ਼ਤ* ਡਿਜੀਟਾਈਜਡ ਲਾਭਪਾਤਰੀਆਂ ਦੇ ਅਧਾਰ ਨੰਬਰ ਹਾਸਲ ਹੋ ਚੁੱਕੇ ਸਨ, ਪਬਲਿਕ ਫਾਈਨਾਂਸ਼ਿਅਲ ਮੈਨੇਜਮੈਂਟ ਸਿਸਟਮ (ਪੀ ਐਫ ਐਮ ਐਸ) ਵਿੱਚ/ਰਾਜ ਖਜ਼ਾਨਾ ਲੇਖੇ ਰਾਹੀ ਭੁਗਤਾਨ ਫਾਈਲਾਂ ਬਨਾਉਣ ਦੇ ਨਿਰਦੇਸ਼ਾਂ ਰਾਹੀ ਲਾਭਪਾਤਰੀਆਂ ਦੇ ਅਧਾਰ ਨਾਲ ਜੁੜੇ ਬੈਂਕ ਖਾਤਿਆਂ ਵਿੱਚ ਸਿੱਧੀ ਵਿੱਤੀ ਸਹਾਇਤਾ ਟਰਾਂਸਫਰ ਕਰਨ ਦੇ ਸਿਸਟਮ ਨੂੰ ਯਕੀਨੀ ਨਹੀਂ ਬਣਾਇਆ ਗਿਆ ਸੀ।

**[ਪੈਰ੍ਹਾ 3.2.2]**

ਪੀ ਬੀ ਐਮ ਐਸ ਵਿੱਚ ਲਾਭਪਾਤਰੀਆਂ ਦਾ ਡਾਟਾ ਪੋਰਟ ਕਰਨ ਦੇ ਬਾਅਦ ਨਾ ਹੀ ਡਾਟੇ ਦੀ ਸੰਪੂਰਨਤਾ, ਪ੍ਰਮਾਣਿਕਤਾ ਅਤੇ ਸ਼ੁੱਧਤਾ ਦੀ ਜਾਂਚ ਕਰਨ ਲਈ ਕੋਈ ਸੁਰੱਖਿਆ ਪੜਚੋਲ ਕੀਤੀ ਗਈ ਸੀ ਅਤੇ ਨਾ ਹੀ ਡੀ ਐਸ ਐਸ ਡਬਲਿਊ ਸੀ ਡੀ ਨੂੰ ਉਨ੍ਹਾਂ ਦੇ ਪੱਧਰ ਤੇ ਡਾਟੇ ਦੀ ਤਸਦੀਕ

ਕਰਨ ਲਈ ਕੋਈ ਹਿਦਾਇਤਾਂ ਦਿੱਤੀਆਂ ਗਈਆਂ ਸਨ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਛੇ ਨਮੂਨਾਂ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਕੀਮਾਂ ਅਧੀਨ 204–4,736 ਮਾਮਲਿਆਂ ਵਿੱਚ ਡੁਪਲੀਕੇਟ ਪੈਨਸ਼ਨ ਲੈਜ਼ਰ ਖਾਤਾ ਨੰਬਰ ਦੇਖੇ; 661–6,498 ਮਾਮਲਿਆਂ ਵਿੱਚ ਲਾਭਪਾਤਰੀਆਂ ਦੀ ਨਿਰਧਾਰਤ ਹੱਦ ਨਾਲੋਂ ਘੱਟ/ਵੱਧ ਉਮਰ ਹੈ; ਅਤੇ 5,205 ਮਾਮਲਿਆਂ ਵਿੱਚ ਔਰਤ ਲਾਭਪਾਤਰੀਆਂ (ਐਫ ਏ ਡਬਲਿਊ ਡੀ ਡਬਲਿਊ) ਲਈ ਸਕੀਮ ਨੂੰ ਮਰਦ ਜੈਂਡਰ ਵਜੋਂ ਸਵੀਕਾਰ ਕੀਤਾ।

**[ ਪੈਰ੍ਹੇ 3.3 ਅਤੇ 3.4]**

ਛੇ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ ਡੀ ਐਸ ਐਸ ਡਬਲਿਊ ਸੀ ਡੀ ਨੇ ਤਿੰਨ ਚੁਣੀਆਂ ਹੋਈਆਂ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ 8,256 ਡੁਪਲੀਕੇਟ ਲਾਭਪਾਤਰੀਆਂ ਦੇ ਰਿਕਾਰਡ ਨੂੰ ਨਸ਼ਟ ਕਰ ਦਿੱਤਾ (ਜਨਵਰੀ 2018-ਜੁਲਾਈ 2020)। ਹਾਲਾਂਕਿ, ਇਹਨਾਂ ਡੁਪਲੀਕੇਟ ਲਾਭਪਾਤਰੀਆਂ ਨੂੰ ਅਦਾ ਕੀਤੇ ₹ 9.89 ਕਰੋੜ (ਅਪ੍ਰੈਲ 2017-ਜੁਲਾਈ 2020) ਦੀ ਸੰਭਾਵਿਤ ਵਾਧੂ ਵਿੱਤੀ ਸਹਾਇਤਾ ਦੀ ਵਸੂਲੀ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਨੇ ਛੇ ਨਮੂਨਾ ਜਾਂਚ ਕੀਤੇ ਜਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਕੀਮਾਂ ਅਧੀਨ ਲਾਭਪਾਤਰੀਆਂ ਦੇ 941 ਡੁਪਲੀਕੇਟ/ਅਯੋਗ ਰਿਕਾਰਡ ਦੇਖੇ। ਇਹਨਾਂ ਲਾਭਪਾਤਰੀਆਂ ਨੂੰ ₹ 1.82 ਕਰੋੜ (ਅਪ੍ਰੈਲ 2017-ਜੁਲਾਈ 2020) ਦੀ ਆਂਕੀ ਗਈ ਸੰਭਾਵਿਤ ਵਾਧੂ ਵਿੱਤੀ ਸਹਾਇਤਾ ਦਿੱਤੀ। ਇਸ ਦੇ ਇਲਾਵਾ, ਐਫ ਏ ਡੀ ਸੀ ਸਕੀਮ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਵਿੱਚ 21 ਸਾਲ ਦੀ ਨਿਰਧਾਰਤ ਉਮਰ ਤੋਂ ਵੱਧ ਦੇ 651 ਬੱਚਿਆਂ ਨੂੰ ₹ 0.72 ਕਰੋੜ ਦੀ ਵਿੱਤੀ ਸਹਾਇਤਾ ਵੀ ਦਿੱਤੀ ਗਈ ਸੀ।

**[ਪੈਰ੍ਹੇ 3.5 ਅਤੇ 3.6]**

ਸਿਰਫ ਇੱਕ ਕਿਸਮ ਦੀ ਸਮਾਜਿਕ ਸੁਰੱਖਿਆ ਸਕੀਮ ਵਿੱਚ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਦੇ ਰਾਜ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਵਿੱਚ ਛੇ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ 213 ਮਾਮਲਿਆਂ ਵਿੱਚ ਦੋ ਅਲੱਗ-ਅੱਲਗ ਸਮਾਜਿਕ ਸੁਰੱਖਿਆ ਸਕੀਮਾਂ ਭਾਵ ਓ ਏ ਪੀ ਅਤੇ ਐਫ ਏ ਡਬਲਿਊ ਡੀ ਡਬਲਿਊ ਅਧੀਨ ਉਹਨਾਂ ਹੀ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਮੁਹੱਈਆਂ ਕਰਵਾਈ ਗਈ ਸੀ। ਇਨ੍ਹਾਂ ਮਾਮਲਿਆਂ ਵਿੱਚ ਦਿੱਤੀ ਗਈ ਵਾਧੂ ਵਿੱਤੀ ਸਹਾਇਤਾ ₹ 0.37 ਕਰੋੜ ਆਂਕੀ ਗਈ ਸੀ।

**[ਪੈਰ੍ਹਾ 3.7]**

ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਕੀਮਾਂ ਅਧੀਨ ਮਈ 2017 ਅਤੇ ਨਵੰਬਰ 2017 ਦੇ ਦਰਮਿਆਨ ਕੀਤੀ ਗਈ ਤਸਦੀਕ ਪ੍ਰਕ੍ਰਿਆ ਦੌਰਾਨ ਡੀ ਐਸ ਐਸ ਡਬਲਿਊ ਸੀ ਡੀ ਦੁਆਰਾ 10,327 ਡੁਪਲੀਕੇਟ/ਅਯੋਗ ਲਾਭਪਾਤਰੀਆਂ ਦੇ ਸਬੰਧ ਵਿੱਚ ₹ 26.87 ਕਰੋੜ (₹ 27.20 ਕਰੋੜ ਵਿੱਚੋਂ) ਦੀ ਵਾਧੂ ਵਿੱਤੀ ਸਹਾਇਤਾ (ਜੁਲਾਈ 2021 ਤੱਕ) ਵਸੂਲਣਯੋਗ ਸੀ।

**[ਪੈਰ੍ਹਾ 3.8]**

ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਅਪ੍ਰੈਲ 2017 ਤੋਂ ਜੁਲਾਈ 2020 ਦੇ ਸਮੇਂ ਦੌਰਾਨ ਤਿੰਨ ਚੁਣੀਆਂ ਗਈਆਂ ਸਕੀਮਾਂ ਵਿੱਚ ਕ੍ਰਿਆਸ਼ੀਲ ਲਾਭਪਾਤਰੀਆਂ ਨੂੰ ₹ 277.96 ਕਰੋੜ ਦੀ ਵਿੱਤੀ ਸਹਾਇਤਾ ਤੋਂ ਇਨਕਾਰ ਕੀਤਾ ਗਿਆ ਸੀ। ਇਸ ਦੇ ਇਲਾਵਾ 8,371 ਮਾਮਲਿਆਂ ਵਿੱਚ, ਚਾਰ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ, 30 ਦਿਨਾਂ ਦੇ ਨਿਰਧਾਰਤ ਸਮੇਂ ਤੋਂ ਪਰੇ 1,432 ਦਿਨਾਂ ਤੱਕ ਦੀ ਦੇਰੀ ਨਾਲ ਵਿੱਤੀ ਸਹਾਇਤਾ ਮਨਜ਼ੂਰ ਕੀਤੀ ਗਈ ਸੀ। ਜਦੋਂਕਿ, ਛੇ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ ਬੈਂਕਾਂ ਨੂੰ ਅਦਾਇਗੀ ਫਾਈਲਾਂ ਭੇਜਣ ਵਿੱਚ ਦੇਰੀ ਅਗਲੇ ਮਹੀਨੇ ਦੇ ਛੇਵੇਂ ਦਿਨ ਜਿਸ ਵਿੱਚ ਵਿੱਤੀ ਸਹਾਇਤਾ ਦੇਣੀ ਬਣਦੀ ਸੀ, ਤੋਂ 245 ਦਿਨਾਂ ਦੀ ਰੇਂਜ਼ ਤੱਕ ਸੀ।

**[ਪੈਰ੍ਹੇ 3.9 ਅਤੇ 3.10]**

ਮਾਸਟਰ ਡੇਟਾਬੇਸ ਵਿੱਚ ਸੋਧ ਅਰਥਾਤ ਲਾਭਪਾਤਰੀਆਂ ਦੇ ਬੈਂਕ ਖਾਤਾ ਨੰਬਰਾਂ ਵਿੱਚ ਤਬਦੀਲੀ, ਆਦਿ ਨੂੰ ਡੀ ਐਸ ਐਸ ਉਜ਼ ਦੁਆਰਾ ਬਿਨੈਕਾਰ ਦੇ ਰਿਕਾਰਡ ਵਿੱਚ ਕਿਸੇ ਅਧਿਕਾਰ ਜਾਂ ਬੇਨਤੀ ਦੇ ਬਿਨਾਂ ਕੀਤਾ ਜਾ ਰਿਹਾ ਸੀ। ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਅਦਾਇਗੀ ਅਤੇ ਸਬੰਧਤ ਬੈਂਕਾਂ ਤੋਂ ਪ੍ਰਾਪਤ ਅਸਫਲ ਲੈਣ-ਦੇਣ ਦੇ ਨਿਯਮ ਬਾਰੇ ਐਸ ਐਮ ਐਸ ਰਾਹੀਂ ਜਾਣਕਾਰੀ ਦਾ ਪ੍ਰਸਾਰ ਵੀ ਘੱਟ ਸੀ।

**[ਪੈਰ੍ਹੇ 3.11, 3.14.2 ਅਤੇ 3.14.3]**

ਡੀ ਐਸ ਐਸ ਡਬਲਿਊ ਸੀ ਡੀ ਵਿੱਚ ਭਾਰਤ ਦੇ ਰਜਿਸਟਰਾਰ ਜਨਰਲ ਦੁਆਰਾ ਮ੍ਰਿਤਕ ਲਾਭਪਾਤਰੀਆਂ ਦੀ ਪਛਾਣ ਕਰਨ ਲਈ ਕੋਈ ਵੀ ਵਿਧੀ ਮੌਜੂਦ ਨਹੀਂ ਸੀ ਤਾਂ ਜੋ ਮ੍ਰਿਤਕਾਂ ਨੂੰ ਵਿੱਤੀ ਸਹਾਇਤਾ ਬੰਦ ਕਰਨਾ ਯਕੀਨੀ ਬਣਾਇਆ ਜਾ ਸਕੇ। ਰਾਜ ਸਰਕਾਰ ਦੁਆਰਾ ਜੂਨ 2017 ਵਿੱਚ ਕੀਤੀ ਗਈ ਸਮੀਖਿਆ ਦੌਰਾਨ ਅਯੋਗ ਲਾਭਪਾਤਰੀਆਂ ਦੀ ਕਾਫੀ ਗਿਣਤੀ ਦਾ ਪਤਾ ਲਗਾਉਣ ਦੇ ਬਾਵਜੂਦ, ਸਮੇਂ-ਸਮੇਂ ਤੇ ਸਮੀਖਿਆ/ਯੋਗ/ਅਯੋਗ ਲਾਭਪਾਤਰੀਆਂ ਦੀ ਪਛਾਣ ਕਰਨ ਲਈ ਵਿਭਾਗ ਦੁਆਰਾ ਬਲਾਕ ਪੱਧਰਾਂ ਤੇ ਸ਼ੁਰੂ ਕੀਤੀਆਂ ਲੋੜੀਂਦੀਆਂ ਕਮੇਟੀਆਂ ਦਾ ਗਠਨ ਨਹੀਂ ਕੀਤਾ ਗਿਆ ਸੀ।

**[ਪੈਰ੍ਹੇ 3.13 ਅਤੇ 3.14.1]**

## ਸਿਫਾਰਸ਼ਾਂ

ਰਾਜ ਸਰਕਾਰ ਲੇਖਾ ਪ੍ਰੀਖਿਆ ਦੀਆਂ ਲੱਭਤਾਂ ਦੀ ਰੋਸ਼ਨੀ ਵਿੱਚ ਵਿਚਾਰ ਕਰ ਸਕਦੀ ਹੈ:

- *ਡੀ ਬੀ ਟੀ ਮੈਨੂਅਲ ਦੀ ਸਟੈਂਡਰਡ ਅਪਰੇਟਿੰਗ ਪ੍ਰਸੀਜ਼ਰ ਅਨੁਸਾਰ ਮੌਜੂਦਾ ਦਖਲਅੰਦਾਜੀ ਲੇਅਰਾਂ ਨੂੰ ਖਤਮ ਕਰਨ ਲਈ ਉਚਿਤ ਕਦਮ ਚੁੱਕਣਾ, ਇਸ ਤੋਂ ਇਲਾਵਾ, ਪੀ ਐਫ ਐਮ ਐਸ ਵਿੱਚ ਭੁਗਤਾਨ ਫਾਈਲਾਂ ਬਨਾਉਣ ਦੇ ਨਿਰਦੇਸ਼ਾਂ ਦੁਆਰਾ ਲਾਭਪਾਤਰੀਆਂ ਦੇ ਅਧਾਰ ਨਾਲ ਜੁੜੇ ਬੈਂਕ ਖਾਤਿਆਂ ਵਿੱਚ ਸਿੱਧੀ ਵਿੱਤੀ ਸਹਾਇਤਾ ਨੂੰ ਟਰਾਂਸਫਰ ਕਰਨ/ ਰਾਜ ਖਜ਼ਾਨਾ ਲੇਖੇ ਰਾਹੀ ਫੰਡਾਂ ਦੇ ਪ੍ਰਵਾਹ ਨੂੰ ਤੇਜ, ਸੁੱਰਖਿਅਤ ਅਤੇ ਭੁਗਤਾਨ ਵਿੱਚ ਪਿਲਫਰਿਜ਼/ਡੁਪਲੀਕੇਸ਼ਨ ਨੂੰ ਰੋਕਣ ਲਈ ਪ੍ਰਣਾਲੀ ਅਪਨਾਉਣਾ;*

- *ਇਸਦੀ ਸੰਪੂਰਨਤਾ, ਪ੍ਰਮਾਣਿਕਤਾ ਅਤੇ ਸ਼ੁੱਧਤਾ ਨੂੰ ਯਕੀਨੀ ਬਨਾਉਣ ਲਈ ਪੀ ਬੀ ਐਮ ਐਸ ਵਿੱਚ ਪਹਿਲਾਂ ਹੀ ਪੋਰਟ ਕੀਤੇ ਗਏ ਵਿਰਾਸਤੀ ਡਾਟੇ ਸਮੇਤ ਲਾਭਪਾਤਰੀਆਂ ਦੇ ਡਾਟੇ ਦੀ ਇੱਕ ਵਿਆਪਕ ਸਮੀਖਿਆ ਕਰਨਾ;*

- *ਪੀ ਬੀ ਐਮ ਐਸ ਐਪਲੀਕੇਸ਼ਨ ਵਿੱਚ ਢੁਕਵੇਂ ਇਨਪੁਟ ਅਤੇ ਪ੍ਰਮਾਣਿਕਤਾ ਨਿਯੰਤਰਣ ਲਗਾਉਣਾ ਤਾਂ ਜੋ ਡੁਪਲੀਕੇਟ, ਗੈਰ-ਪ੍ਰਮਾਣਿਕ ਅਤੇ ਅਵੈਧ ਡੇਟਾ ਨੂੰ ਰੋਕਿਆ ਜਾ ਸਕੇ, ਇਸ ਤਰ੍ਹਾਂ, ਡੀ ਬੀ ਟੀ ਅਧੀਨ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧਤ ਨਿਯਮਾਂ ਦੇ ਉਪਬੰਧਾਂ ਦੇ ਅਨੁਸਾਰ ਯੋਗ ਲਾਭਪਾਤਰੀਆਂ ਦੇ ਸਬੰਧ ਵਿੱਚ ਡੇਟਾ ਹਾਸਲ ਕੀਤਾ ਜਾ ਸਕੇ;*

- *ਪ੍ਰਮਾਣਿਕਤਾ ਰਿਕਾਰਡਾਂ ਦੇ ਅਧਾਰ ਤੇ ਲਾਭਪਾਤਰੀਆਂ ਦੇ ਡੇਟਾਬੇਸ ਵਿੱਚ ਸੋਧ ਲਈ ਵਿਧੀ ਨੂੰ ਸਥਾਪਿਤ ਕਰਨਾ; ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੇ ਭੁਗਤਾਨ ਬਾਰੇ ਐਸ ਐਮ ਐਸ ਰਾਹੀਂ ਜਾਣਕਾਰੀ ਦਾ ਪ੍ਰਸਾਰ; ਅਤੇ ਸਬੰਧਤ ਬੈਂਕਾਂ ਤੋਂ ਪ੍ਰਾਪਤ ਅਸਫਲ ਲੈਣ-ਦੇਣ ਦਾ ਨਿਯਮ;*

- *ਮ੍ਰਿਤਕ ਲਾਭਪਾਤਰੀਆਂ ਦੀ ਪਛਾਣ ਲਈ ਭਾਰਤ ਦੇ ਰਜਿਸਟਰਾਰ ਜਨਰਲ ਕੋਲ ਮੌਜੂਦਾ ਮੌਤ ਦੇ ਅੰਕੜਿਆਂ ਨਾਲ ਲਾਭਪਾਤਰੀਆਂ ਦੇ ਡਾਟੇ ਦਾ ਏਕੀਕਰਨ, ਮ੍ਰਿਤਕ ਨੂੰ ਵਿੱਤੀ ਸਹਾਇਤਾ ਬੰਦ ਕਰਨ ਨੂੰ ਯਕੀਨੀ ਬਨਾਉਣ ਲਈ, ਇਸ ਤੋਂ ਇਲਾਵਾ, ਯੋਗ/ਅਯੋਗ ਲਾਭਪਾਤਰੀਆਂ ਦੀ ਸਮੇਂ ਸਮੇਂ ਤੇ ਸਮੀਖਿਆ/ਪਛਾਣ ਲਈ ਬਲਾਕ ਪੱਧਰਾਂ ਤੇ ਵਿਧੀ ਅਪਨਾਉਣਾ ਤਾਂ ਜੋ ਅਸਲ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦਾ ਭੁਗਤਾਨ ਯਕੀਨੀ ਬਣਾਇਆ ਜਾ ਸਕੇ; ਅਤੇ*

- *ਅਯੋਗ ਲਾਭਪਾਤਰੀਆਂ ਤੋਂ ਵਿੱਤੀ ਸਹਾਇਤਾ ਦੀ ਅਯੋਗ/ਵੱਧ ਅਦਾਇਗੀ ਦੀ ਵਸੂਲੀ ਕਰਨ ਲਈ ਸਖਤ ਯਤਨ ਕਰਨ ਦੇ ਨਾਲ-ਨਾਲ ਸਬੰਧਤ ਅਧਿਕਾਰੀਆਂ ਦੁਆਰਾ ਅਯੋਗਤਾ ਲਈ ਜ਼ਿੰਮੇਵਾਰੀ ਤੈਅ ਕਰਨਾ।*

## ਡਾਇਰੈਕਟ ਬੈਨੀਫਿਟ ਟਰਾਂਸਫਰ ਦਾ ਬੁਨਿਆਦੀ ਢਾਂਚਾ, ਸੰਗਠਨ ਅਤੇ ਪ੍ਰਬੰਧਨ

ਪੰਜਾਬ ਰਾਜ ਵਿੱਚ ਰਾਜ ਸਲਾਹਕਾਰ ਬੋਰਡ (ਐਸ ਏ ਬੀ) ਦੀ ਸਥਾਪਨਾ ਹੋ ਚੁੱਕੀ ਸੀ (ਨਵੰਬਰ 2017)। ਹਾਲਾਂਕਿ, ਇਕ ਸੰਪੂਰਨ ਅਤੇ ਵੈਲ ਰਾਊਂਡਡ ਐਡਵਾਈਜਰੀ ਅਤੇ ਕੰਸਲਟਿੰਗ ਇਨਪੁੱਟਸ ਮੁਹੱਈਆ ਕਰਵਾਉਣ ਲਈ ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ ਸੈੱਲ ਦੀ ਕਾਰਜਕਾਰੀ ਸੰਸਥਾ ਦੀ ਐਸ ਏ ਬੀ ਨਾਲ ਕੋਈ ਮੀਟਿੰਗ ਨਹੀਂ ਹੋਈ ਸੀ।

**[ਪੈਰ੍ਹਾ 4.1.1]**

ਲਾਗੂਕਰਨ ਸਹਾਇਤਾ ਲੇਅਰ, ਜਿਸ ਵਿੱਚ ਡਾਇਰੈਕਟਰ ਜਾਂ ਆਫੀਸਰ ਆਨ ਸਪੈਸ਼ਲ ਡਿਊਟੀ (ਓ ਐਸ ਡੀ) ਰੈਂਕ ਦੇ ਸ਼ਾਮਲ ਤਿੰਨ ਕੋਆਰਡੀਨੇਟਰ ਤਕਨੀਕੀ, ਗੈਰ-ਤਕਨੀਕੀ, ਅਤੇ ਹੇਠਲੇ ਪੱਧਰਾਂ ਤੋਂ ਸਹਿਯੋਗ ਅਤੇ ਹਿੱਸੇਦਾਰੀ ਪ੍ਰਾਪਤ ਕਰਨ ਲਈ ਸੈੱਲ ਦੇ ਅਪਰੇਸ਼ਨਾਂ ਲਈ ਵਿੱਤ ਅਤੇ ਪ੍ਰਬੰਧਕੀ ਸਹਾਇਤਾ ਲਈ ਜ਼ਿੰਮੇਵਾਰ, ਦਾ ਰਾਜ ਡੀ ਬੀ ਟੀ ਸੈੱਲ ਲਈ ਦਿਸ਼ਾ-ਨਿਰਦੇਸ਼ਾਂ ਦੇ ਅਨੁਰੂਪ

ਗਠਨ ਨਹੀਂ ਕੀਤਾ ਗਿਆ ਸੀ। ਨਾ ਹੀ ਕੋਈ ਸਿਖਲਾਈ ਕੈਲੰਡਰ ਤਿਆਰ ਕੀਤਾ ਗਿਆ ਸੀ, ਨਾ ਡੀ ਬੀ ਟੀ ਸੈੱਲ ਵੱਲੋਂ ਰਾਜ ਦੇ ਕਰਮਚਾਰੀਆਂ ਨੂੰ ਡੀ ਬੀ ਟੀ ਦੀ ਕੋਈ ਸਿਖਲਾਈ ਮੁਹੱਈਆ ਕਰਵਾਈ ਗਈ ਸੀ। ਡੀ ਬੀ ਟੀ ਸੈੱਲ ਵੱਲੋਂ ਡੀ ਬੀ ਟੀ ਪ੍ਰਗਤੀਸ਼ੀਲ ਰਾਜਾਂ ਵਿੱਚ ਉਹਨਾਂ ਵੱਲੋਂ ਅਪਣਾਏ ਜਾ ਰਹੇ ਆਦਰਸ਼ ਪ੍ਰਚਲਨਾਂ ਨਾਲ ਕਰਮਚਾਰੀਆਂ ਦੀ ਵਾਕਫੀਅਤ ਲਈ ਰਾਜ/ਜ਼ਿਲ੍ਹਾ ਕਰਮਚਾਰੀਆਂ ਲਈ ਕੋਈ ਸੰਪਰਕ ਦੌਰਿਆਂ ਦਾ ਪ੍ਰਬੰਧ ਨਹੀਂ ਕੀਤਾ ਗਿਆ ਸੀ। ਨਾ ਹੀ ਰਾਜ ਦੇ ਅਪਰੇਸ਼ਨਾ ਵਿੱਚ ਉਨ੍ਹਾਂ ਪ੍ਰੱਚਲਨਾਂ ਨੂੰ ਸ਼ਾਮਲ ਕਰਨ ਵਾਸਤੇ ਰੋਡਮੈਪ ਵਿਕਸਤ ਕਰਨ ਲਈ ਵਧੀਆ ਪ੍ਰਚਲਨਾਂ ਤੇ ਕੋਈ ਬੈਂਚਮਾਰਕ ਅਧਿਐਨ ਕਰਵਾਇਆ ਗਿਆ ਸੀ ਅਤੇ ਨਾ ਹੀ ਰਾਜ ਡੀ ਬੀ ਟੀ ਸੈੱਲ ਵੱਲੋਂ ਰਾਜ ਵਿੱਚ ਪਾਇਲਟਸ/ਪ੍ਰਯੋਗਾਂ ਰਾਹੀ ਕੋਈ ਨਵੀਨਤਾ ਲਿਆਂਦੀ ਗਈ ਸੀ।

**[ਪੈਰ੍ਹਾ 4.1.2]**

ਰਾਜ ਪੱਧਰ ਤੇ ਸਕੀਮਾਂ ਅਤੇ ਪ੍ਰੋਗ੍ਰਾਮਾਂ ਦੀ ਤਿਆਰੀ ਦੀ ਨਿਰੰਤਰ ਨਿਗਰਾਨੀ ਕਰਨ ਲਈ ਮਜਬੂਤ ਸ਼ਾਸ਼ਨ ਢਾਂਚੇ ਦੀ ਘਾਟ ਸੀ। ਰਾਜ ਡੀ ਬੀ ਟੀ ਸੈੱਲ ਜਾਂ ਡੀ ਐਸ ਐਸ ਡਬਲਿਊ ਸੀ ਡੀ ਵੱਲੋਂ ਡੀ ਬੀ ਟੀ ਦੀ ਕਾਰਜਸ਼ੀਲਤਾ ਲਈ ਵਰਕਸ਼ਾਪ, ਸੈਮੀਨਾਰ ਨਹੀਂ ਕਰਵਾਇਆ ਗਿਆ ਸੀ। ਇਸ ਦੇ ਇਲਾਵਾ, ਰਾਜਾਂ ਵਿੱਚ ਡੀ ਬੀ ਟੀ ਦੇ ਪ੍ਰੋਟੋਕੋਲ ਦਸਤਾਵੇਜ਼ ਅਨੁਸਾਰ, ਸਕੀਮਾਂ ਦੇ ਲਾਗੂ ਕਰਨ ਵਿੱਚ ਡੀ ਬੀ ਟੀ ਢਾਂਚੇ ਦੇ ਅਪਣਾਏ ਜਾਣ ਨੂੰ ਯਕੀਨੀ ਬਨਾਉਣ ਲਈ ਵਿਭਾਗੀ ਡੀ ਬੀ ਟੀ ਸੈੱਲ/ਕਮੇਟੀ ਦਾ ਡੀ ਐਸ ਐਸ ਡਬਲਿਊ ਸੀ ਡੀ ਵਿੱਚ ਗਠਨ ਨਹੀਂ ਕੀਤਾ ਗਿਆ ਸੀ।

**[ਪੈਰ੍ਹੇ 4.1.3 ਅਤੇ 4.1.4]**

ਰਾਜ ਡੀ ਬੀ ਟੀ ਪੋਰਟਲ ਡੀ ਬੀ ਟੀ ਭਾਰਤ ਪੋਰਟਲ *(http://dbtbharat.gov.in)* ਵਿੱਚ ਇੰਟੀਗ੍ਰੇਟਡ ਕੀਤਾ ਗਿਆ ਸੀ ਅਤੇ ਰਾਜ ਵਿੱਚ ਸਾਰੀਆਂ ਸ਼ਨਾਖਤ ਕੀਤੀਆਂ ਸਕੀਮਾਂ ਪੋਰਟਲ ਤੇ ਪ੍ਰਦਰਸ਼ਿਤ ਕੀਤੀਆਂ ਗਈਆਂ ਸਨ। ਪ੍ਰੰਤੂ, ਸਟੈਂਡਰਡਾਈਜ਼ੇਸ਼ਨ ਟੈਸਟਿੰਗ ਕੁਆਲਿਟੀ ਸਰਟੀਫੀਕੇਸ਼ਨ ਤੋਂ ਵੈਬਸਾਈਟ ਕੁਆਲਿਟੀ ਸਰਟੀਫੀਕੇਸ਼ਨ ਪ੍ਰਾਪਤ ਨਹੀਂ ਕੀਤਾ ਗਿਆ ਸੀ; ਸਾਈਟ ਦੀ ਸਮੱਗਰੀ ਦੇ ਸਹੀ ਵਹਾਅ ਅਤੇ ਗੁਣਵੱਤਾ ਨੂੰ ਯਕੀਨੀ ਬਨਾਉਣ ਲਈ ਭਾਰਤ ਸਰਕਾਰ ਦੀਆ ਵੈਬਸਾਈਟਾਂ ਲਈ ਦਿਸ਼ਾ-ਨਿਰਦੇਸ਼ਾਂ (ਜੀ ਆਈ ਜੀ ਡਬਲਿਊ) ਅਨੁਸਾਰ ਵੈਬ ਇਨਫਰਮੇਸ਼ਨ ਮੈਨੇਜਰ ਅਤੇ ਟੈਕਨੀਕਲ ਮੈਨੇਜਰ ਦੀ ਨਿਯੁਕਤੀ ਨਹੀਂ ਕੀਤੀ ਗਈ ਸੀ; ਡਾਟੇ ਦੀ ਪ੍ਰਮਾਣਿਕਤਾ ਅਤੇ ਜਿੰਮੇਵਾਰੀ, ਰਾਜ ਡੀ ਬੀ ਟੀ ਦੇ ਸੱਮਗਰੀ ਪ੍ਰਕਾਸ਼ਨ ਹੋਣ ਸਬੰਧੀ ਅਧਿਕਾਰ ਅਤੇ ਵਰਕਫਲੋਅ ਦੇ ਵੇਰਵਿਆਂ ਨੂੰ ਯਕੀਨੀ ਬਨਾਉਣ ਲਈ ਸਮੱਗਰੀ ਦਾ ਯੋਗਦਾਨ, ਆਧੁਨਿਕੀਕਰਣ ਅਤੇ ਪ੍ਰਵਾਨਗੀ ਨੀਤੀ ਫਰੇਮ ਨਹੀਂ ਕੀਤੀ ਗਈ ਸੀ; ਰਾਜ ਡੀ ਬੀ ਟੀ ਪੋਰਟਲ' ਤੇ ਖੇਤਰੀ ਭਾਸ਼ਾ ਦੇ ਵਿਸ਼ੇ ਲਈ ਵਿਵਸਥਾ ਨਹੀਂ ਕੀਤੀ ਗਈ ਸੀ; ਅਤੇ ਪੋਰਟਲ ਕਾਰਜਕੁਸ਼ਲਤਾ ਜਿਵੇਂ ਕਿ ਅਬਾਊਟ ਅਸ, ਸਕੀਮ, ਮਲਟੀਮੀਡੀਆ, ਦਸਤਾਵੇਜ਼, ਸਫਲ ਕਹਾਣੀ, ਡਾਊਨਲੋਡ, ਆਦਿ ਦੇ ਸਬੰਧ ਵਿੱਚ ਵੱਖ-ਵੱਖ ਮੱਹਤਵਪੂਰਣ ਜਾਣਕਾਰੀ ਰਾਜ ਡੀ ਬੀ ਟੀ ਪੋਰਟਲ ਤੇ ਉਪਲੱਬਧ ਨਹੀਂ ਸੀ।

**[ਪੈਰ੍ਹਾ 4.2]**

ਡੀ ਬੀ ਟੀ ਪੋਰਟਲ ਤੇ ਅੱਪਲੋਡ ਕੀਤੀ ਗਈ ਅਤੇ ਜੋ ਡੀ ਐਸ ਐਸ ਡਬਲਿਊ ਸੀ ਡੀ ਵੱਲੋਂ ਭੇਜੀ ਗਈ, ਡੀ ਬੀ ਟੀ ਅਧੀਨ 2017-2021 (ਜੁਲਾਈ 2020 ਤੱਕ) ਦੇ ਸਮੇਂ ਦੌਰਾਨ ਤਿੰਨ ਚੁਣੀਆਂ ਗਈਆਂ ਸਕੀਮਾਂ ਭਾਵ ਓ ਏ ਪੀ, ਐਫ ਏ ਡਬਲਿਊ ਡੀ ਡਬਲਿਊ ਅਤੇ ਐਫ ਏ ਡੀ ਸੀ ਵਿੱਚ ਲਾਭਪਾਤਰੀਆਂ ਨੂੰ ਟਰਾਂਸਫਰ ਕੀਤੇ ਕੈਸ਼ ਦੀ ਰਾਸ਼ੀ ਵਿੱਚ ₹ 34.00 ਕਰੋੜ ਅਤੇ ₹ 4,555.58 ਕਰੋੜ ਦੀ ਰੇਜ਼ ਵਿਚਕਾਰ ਅੰਤਰ ਸੀ।

**[ਪੈਰ੍ਹਾ 4.4]**

ਡੀ ਐਸ ਐਸ ਡਬਲਿਊ ਸੀ ਡੀ ਅਤੇ ਡੀ ਜੀ ਆਰ ਪੀ ਜੀ ਕੋਲ ਰਾਜ ਡੀ ਬੀ ਟੀ ਪੋਰਟਲ ਲਈ ਕੋਈ ਆਫਤ ਰਿਕਵਰੀ ਅਤੇ ਕਾਰੋਬਾਰੀ ਨਿਰੰਤਰਤਾ ਯੋਜਨਾ ਅਤੇ ਰਾਜ ਡੀ ਬੀ ਟੀ ਪੋਰਟਲ ਲਈ ਅਤੇ ਪੀ ਬੀ ਐਮ ਐਸ ਐਪਲੀਕੇਸ਼ਨ ਦੋਵਾਂ ਦੇ ਲਈ ਪਾਸਵਰਡ ਪਾਲਿਸੀ ਨਹੀਂ ਸੀ।

**[ਪੈਰ੍ਹੇ 4.5 ਅਤੇ 4.6]**

## ਸਿਫਾਰਸ਼ਾਂ

ਰਾਜ ਸਰਕਾਰ ਲੇਖਾ ਪ੍ਰੀਖਿਆ ਲੱਭਤਾਂ ਦੀ ਰੋਸ਼ਨੀ ਵਿੱਚ ਵਿਚਾਰ ਕਰ ਸਕਦੀ ਹੈ:

- *ਡੀ ਬੀ ਟੀ ਸੈੱਲ ਨੂੰ ਇੱਕ ਸੰਪੂਰਨ ਅਤੇ ਸਰਵ-ਪੱਖੀ ਸਲਾਹਕਾਰੀ ਅਤੇ ਕੰਸਲਟਿੰਗ ਇਨਪੁੱਟਸ ਮੁਹੱਈਆ ਕਰਨ ਲਈ ਐਸ ਏ ਬੀ ਦੀਆਂ ਸਮੇਂ-ਸਮੇਂ ਤੇ ਮੀਟਿੰਗਾਂ ਕਰਨਾ;*
- *ਰਾਜ ਡੀ ਬੀ ਟੀ ਸੈੱਲ ਲਈ ਦਿਸ਼ਾ-ਨਿਰਦੇਸ਼ਾਂ ਦੇ ਅਨੁਰੂਪ, ਸਕੀਮਾਂ ਦੇ ਲਾਗੂਕਰਨ ਵਿੱਚ ਡੀ ਬੀ ਟੀ ਢਾਂਚਾ ਅਪਨਾਉਣ ਨੂੰ ਯਕੀਨੀ ਬਨਾਉਣ ਲਈ ਹਰੇਕ ਵਿਭਾਗ ਵਿੱਚ ਅੰਦਰੂਨੀ ਡੀ ਬੀ ਟੀ ਸੈੱਲ/ਕਮੇਟੀ ਦੇ ਗਠਨ ਸਮੇਤ ਸ਼ਾਸ਼ਨ ਢਾਂਚੇ ਦਾ ਮਜਬੂਤੀਕਰਨ;*
- *ਇੰਡੀਅਨ ਗੌਰਮਿੰਟ ਵੈਬਸਾਈਟਸ ਅਤੇ ਸਟੈਂਡਰਡ ਅਪਰੇਟਿੰਗ ਪ੍ਰਸੀਜ਼ਰ ਅਤੇ ਰਾਜ ਡੀ ਬੀ ਟੀ ਪੋਰਟਲ 'ਤੇ ਯੂਜਰ ਮੈਨੂਅਲ ਲਈ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰਾਜ ਡੀ ਬੀ ਟੀ ਪੋਰਟਲ ਦੀ ਹੋਸਟਿੰਗ, ਇਸ ਤੋਂ ਇਲਾਵਾ, ਡੀ ਬੀ ਟੀ ਅਧੀਨ ਸਬੰਧਤ ਸਕੀਮਾਂ ਦੇ ਲਾਭਪਾਤਰੀਆਂ ਨੂੰ ਟਰਾਂਸਫਰ ਕੀਤੇ ਗਏ ਲਾਭਾਂ ਦੇ ਸਬੰਧ ਵਿੱਚ ਰਾਜ ਡੀ ਬੀ ਟੀ ਪੋਰਟਲ ਉੱਤੇ ਪ੍ਰਮਾਣਿਕ ਡਾਟਾ ਦਰਸਾਉਣਾ; ਅਤੇ*
- *ਰਾਜ ਡੀ ਬੀ ਟੀ ਪੋਰਟਲ ਅਤੇ ਪੀ ਬੀ ਐਮ ਐਸ ਐਪਲੀਕੇਸ਼ਨ ਦੀ ਸੁਰੱਖਿਆ ਅਤੇ ਨਿਰਵਿਘਨ ਕੰਮਕਾਜ ਨੂੰ ਯਕੀਨੀ ਬਨਾਉਣ ਲਈ ਆਫਤ ਰਿਕਵਰੀ ਅਤੇ ਕਾਰੋਬਾਰ ਨਿਰੰਤਰਤਾ ਯੋਜਨਾ ਅਤੇ ਪਾਸਵਰਡ ਪਾਲਿਸੀ ਨੂੰ ਸਥਾਪਤ ਕਰਨਾ।*

# ਅਧਿਆਇ-I

# ਜਾਣ-ਪਛਾਣ

# ਅਧਿਆਇ -I

# ਜਾਣ-ਪਛਾਣ

## 1.1 ਪਿਛੋਕੜ


ਸਮਾਜਿਕ ਸੁਰੱਖਿਆ, ਵਿਕਾਸ ਪ੍ਰਕ੍ਰਿਆ ਦਾ ਇਕ ਅਨਿੱਖੜਵਾਂ ਅੰਗ ਹੈ ਅਤੇ ਇਹ ਸਮਾਜ ਦੇ ਕਮਜ਼ੋਰ ਅਤੇ ਸੀਮਾਂਤ ਵਰਗਾਂ ਤੇ ਵਿਸ਼ੇਸ਼ ਧਿਆਨ ਦਿੰਦੇ ਹੋਏ ਦੀਰਘ ਕਾਲੀਨ ਜੀਵਿਕਾ ਦੀ ਗਰੰਟੀ ਦੇਣ ਲਈ ਚਿਤਵਿਆ ਗਿਆ ਹੈ। ਭਾਰਤ ਦੇ ਸੰਵਿਧਾਨ ਦਾ ਅਨੁਛੇਦ 41 ਰਾਜ ਨੂੰ ਰਾਜ ਦੀ ਆਰਥਿਕ ਸਮਰੱਥਾ ਅਤੇ ਵਿਕਾਸ ਦੀ ਸੀਮਾਂ ਦੇ ਅੰਦਰ ਰਹਿ ਕੇ ਆਪਣੇ ਨਾਗਰਿਕਾਂ ਨੂੰ ਬੇਰੁਜ਼ਗਾਰੀ, ਬੁਢਾਪਾ, ਬਿਮਾਰੀ ਅਤੇ ਅਪਾਹਜਤਾ ਦੀ ਸੂਰਤ ਵਿੱਚ, ਜਨਤਕ ਸਹਾਇਤਾ ਪ੍ਰਦਾਨ ਕਰਨ ਲਈ ਨਿਰਦੇਸ਼ ਦਿੰਦਾ ਹੈ।

ਡਾਇਰੈਕਟ ਬੈਨੀਫਿਟ ਟਰਾਂਸਫਰ (ਡੀ ਬੀ ਟੀ) ਭਾਰਤ ਸਰਕਾਰ ਦੁਆਰਾ 1 ਜਨਵਰੀ, 2013 ਨੂੰ ਆਧੁਨਿਕ ਜਾਣਕਾਰੀ ਅਤੇ ਸੰਚਾਰ ਤਕਨਾਲੋਜੀ (ਆਈ ਸੀ ਟੀ) ਐਪਲੀਕੇਸ਼ਨਾ ਦੀ ਵਰਤੋਂ ਕਰਦੇ ਹੋਏ ਮੌਜੂਦਾ ਗੁੰਝਲਦਾਰ ਵੰਡ ਪ੍ਰਕਿਆਵਾਂ ਦੀ ਮੁੜ ਤੋਂ ਸਿਰਜਣਾ ਕਰਨ ਲਈ ਇੱਕ ਮੁੱਖ ਸੁਧਾਰਮਈ ਪਹਿਲਕਦਮੀ ਹੈ।

ਡੀ ਬੀ ਟੀ ਇੱਕ ਵਿਲੱਖਣ ਪਛਾਣਕਰਤਾ ਦੇ ਤੌਰ ਤੇ ਆਧਾਰ ਨੰਬਰ ਦੀ ਵਰਤੋਂ ਕਰਕੇ ਕੈਸ਼ ਟਰਾਂਸਫਰ, ਵਸਤੂ-ਰੂਪ ਵਿੱਚ ਟਰਾਂਸਫਰ ਅਤੇ ਹੋਰ ਟਰਾਂਸਫਰ ਰਾਹੀਂ ਲੋਕਾਂ ਨੂੰ ਬਿਹਤਰ ਅਤੇ ਸਮੇਂ ਸਿਰ ਲਾਭ ਪਹੁੰਚਾਉਣ ਲਈ ਇੱਕ ਕੋਸ਼ਿਸ਼ ਹੈ, ਜੋ ਕਿ ਵਧੇਰੇ ਪਾਰਦਰਸ਼ਤਾ, ਵਿਚੋਲੇ ਦੀ ਭੂਮਿਕਾ ਨੂੰ ਰੋਕਣ, ਵਧੇਰੇ ਜਵਾਬਦੇਹੀ, ਯੋਗ ਲਾਭਪਾਤਰੀ ਦੀ ਪਛਾਣ ਅਤੇ ਸਕੀਮਾਂ ਵਿਚੋਂ ਅਯੋਗ ਲਾਭਪਾਤਰੀਆ ਨੂੰ ਹਟਾਉਣ ਨੂੰ ਯਕੀਨੀ ਬਣਾਉਂਦਾ ਹੈ। ਕੈਸ਼ ਟਰਾਂਸਫਰਾਂ ਤੋਂ ਭਾਵ ਵਿਭਾਗਾਂ ਤੋਂ ਪੈਸੇ ਨੂੰ ਸਿੱਧੇ ਲਾਭਪਾਤਰੀਆਂ ਦੇ ਬੈਂਕ ਖਾਤ ਵਿੱਚ ਇਲੈਕਟ੍ਰੌਨਿਕ ਤੌਰ ਤੇ ਜਮ੍ਹਾਂ ਕਰਨਾ ਹੈ। ਵਸਤੂ-ਰੂਪ ਵਿੱਚ ਟਰਾਂਸਫਰਾਂ ਤੋਂ ਭਾਵ, ਲਾਭ ਦੀ ਟਰਾਂਸਫਰ ਦੇ ਸਮੇਂ ਲਾਭਪਾਤਰੀ ਦੇ 'ਆਧਾਰ' ਅਧਾਰਤ ਪ੍ਰਮਾਣੀਕਰਣ ਉਪਰੰਤ, ਲਾਭਾਂ (ਜਿਵੇਂ ਕਿ ਅਨਾਜ, ਕਿਤਾਬਾਂ, ਕਿੱਟਾਂ, ਆਦਿ) ਨੂੰ, ਭੌਤਿਕ ਰੂਪ ਵਿੱਚ ਟਰਾਂਸਫਰ ਕਰਨਾ ਹੈ। ਹੋਰ ਟਰਾਂਸਫਰਾਂ ਤੋਂ ਭਾਵ, ਵਿਅਕਤੀਗਤ ਸੇਵਾ ਪ੍ਰੋਵਾਈਡਰ/ਐਨੇਬਲਰ (ਜਿਵੇਂ ਕਿ ਆਸ਼ਾ ਵਰਕਰ, ਆਂਗਨਵਾੜੀ ਵਰਕਰ, ਆਦਿ) ਨੂੰ ਟਰਾਂਸਫਰ ਕੀਤੇ ਜਾਣ ਵਾਲੇ ਪੈਸੇ ਦਾ ਇਲੈਕਟ੍ਰਾਨਿਕ ਤੌਰ ਤੇ ਉਨ੍ਹਾਂ ਦੇ ਬੈਂਕ ਖਾਤੇ (ਤਰਜੀਹੀ ਤੌਰ ਤੇ 'ਆਧਾਰ' ਨਾਲ ਜੁੜੇ ਹੋਏ) ਵਿੱਚ ਸਿੱਧੇ ਜਮ੍ਹਾਂ ਕਰਨਾ ਹੈ।

ਸੰਖੇਪ ਵਿੱਚ, ਡੀ ਬੀ ਟੀ ਦਾ ਵਿਜ਼ਨ "ਇੱਕ ਅਜਿਹਾ ਸ਼ਾਸਨ ਪ੍ਰਬੰਧ ਬਣਾਉਣਾ ਹੈ ਜੋ ਕਿ ਇੱਕ ਸੌਖੇ ਅਤੇ ਯੂਜ਼ਰ-ਪੱਖੀ, ਸਰਕਾਰ ਤੋਂ ਲੋਕਾਂ ਤੱਕ (ਜੀ 2 ਪੀ) ਇੰਟਰਫੇਸ ਨੂੰ ਯਕੀਨੀ ਬਣਾਏ ਅਤੇ ਯੋਗ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਨਿਰਪੱਖ, ਪਾਰਦਰਸ਼ੀ, ਕੁਸ਼ਲ ਅਤੇ ਭਰੋਸੇਮੰਦ ਢੰਗ ਨਾਲ ਸਿੱਧੇ ਤੌਰ ਤੇ ਹੱਕ ਪ੍ਰਦਾਨ ਕਰਾਏ। ਇਸ ਤਰ੍ਹਾਂ, ਡੀ ਬੀ ਟੀ, "ਵੱਧ ਤੋਂ ਵੱਧ ਸ਼ਾਸਨ" ਅਤੇ "ਘੱਟੋ ਘੱਟ ਸਰਕਾਰ" ਦੇ ਸੁਪਨੇ ਨੂੰ ਸਾਕਾਰ ਕਰਨ ਲਈ ਆਧੁਨਿਕ ਤਕਨਾਲੋਜੀ ਅਤੇ ਆਈ ਟੀ ਸਾਧਨਾਂ ਦਾ ਲਾਭ ਉਠਾਉਂਦੀ ਹੈ।

**ਚਿੱਤਰ 1.1: ਡੀ ਬੀ ਟੀ ਫਰੇਮਵਰਕ**





*ਸ੍ਰੋਤ: ਡੀ ਬੀ ਟੀ ਯੂਜ਼ਰ ਮੈਨੂਅਲ*

## 1.2 ਡਾਇਰੈਕਟ ਬੈਨੀਫਿਟ ਟਰਾਂਸਫਰ ਦੀਆਂ ਪੂਰਵ-ਸ਼ਰਤਾਂ

ਡੀ ਬੀ ਟੀ ਦਾ ਮੁੱਖ ਉਦੇਸ਼, ਸਿੱਧੀ ਪ੍ਰਕ੍ਰਿਆ ਨੂੰ ਆਸਾਨ ਕਰਨਾ ਅਤੇ ਵੈਧ ਲਾਭਪਾਤਰੀਆਂ ਦੇ ਸਹੀ ਖਾਤੇ ਵਿੱਚ ਸਹੀ ਸਮੇਂ ਭਾਵ ਬਿਨਾਂ ਕਿਸੇ ਦੇਰੀ ਦੇ ਅਦਾਇਗੀਆਂ ਜਮ੍ਹਾਂ ਕਰਨਾ ਹੈ। ਡੀ ਬੀ ਟੀ ਦੀਆਂ ਪੂਰਵ-ਸ਼ਰਤਾਂ ਹਨ:

- ਲਾਭਪਾਤਰੀਆਂ ਦੇ ਡਾਟਾਬੇਸ ਦਾ ਡਿਜਟੀਕਰਣ;
- ਲਾਭਪਾਤਰੀਆਂ ਦੇ ਬੈਂਕ ਖਾਤੇ ਖੋਲ੍ਹਣੇ; ਅਤੇ
- ਆਧਾਰ ਨੰਬਰ ਜਨਰੇਟ ਕਰਨ ਲਈ ਲਾਭਪਾਤਰੀਆ ਦਾ ਇੰਦਰਾਜ ਕਰਨਾ


**ਚਿੱਤਰ 1.2: ਡੀ ਬੀ ਟੀ ਦੀਆਂ ਪੂਰਵ-ਸ਼ਰਤਾਂ**




*ਸ੍ਰੋਤ: ਭਾਰਤ ਸਰਕਾਰ ਦਾ ਡੀ ਬੀ ਟੀ ਮਿਸ਼ਨ ਦਸਤਾਵੇਜ਼*

ਡੀ ਬੀ ਟੀ ਫਰੇਮਵਰਕ ਵਿੱਚ ਇੱਕ ਮਲਟੀ-ਸਟੇਕਹੋਲਡਰ ਆਰਕੀਟੈਕਚਰ ਹੈ ਜੋ ਕਿ ਲਾਭਪਾਤਰੀਆਂ ਨੂੰ ਸਮੇਂ ਸਿਰ ਅਤੇ ਪ੍ਰਭਾਵਿਕ ਢੰਗ ਨਾਲ ਲਾਭ ਪਹੁੰਚਾਉਣ ਲਈ ਵੱਖ-ਵੱਖ ਵਿਭਾਗਾਂ ਅਤੇ ਸੰਸਥਾਵਾਂ ਦੀਆਂ ਸਮਰੱਥਾਵਾਂ ਦਾ ਲਾਭ ਉਠਾਉਂਦੀ ਹੈ। ਕੇਂਦਰ ਅਤੇ ਰਾਜ ਦਰਮਿਆਨ ਇੱਕ ਤਾਲਮੇਲ ਵਾਲਾ ਯਤਨ ਤੇਜ਼ੀ ਨਾਲ ਫੈਸਲਾ ਲੈਣ ਵਿੱਚ ਸਹਾਇਤਾ ਕਰੇਗਾ, ਯਤਨਾਂ ਦੀ ਡੁਪਲੀਕੇਸ਼ਨ ਨੂੰ ਖਤਮ ਕਰੇਗਾ ਅਤੇ ਮਤਭੇਦ, ਜੇ ਕੋਈ ਹੋਵੇ, ਨੂੰ ਘਟਾਏਗਾ ਅਤੇ ਇਸ ਤਰ੍ਹਾਂ ਸਕੀਮਾਂ ਦੇ ਡੀ ਬੀ ਟੀ ਵੱਲ ਸੌਖਿਆਂ ਬਦਲਾਅ ਨੂੰ ਉਤਸ਼ਾਹਤ ਕਰੇਗਾ। ਰਾਜਾਂ ਵਿੱਚ ਡੀ ਬੀ ਟੀ ਸੈੱਲ ਨਾਲ ਕੇਂਦਰ-ਰਾਜ ਤਾਲਮੇਲ ਦਾ ਲੋੜੀਂਦਾ ਮੈਪ ਚਿੱਤਰ 1.3 ਵਿੱਚ ਦਰਸਾਇਆ ਗਿਆ ਹੈ।

**ਚਿੱਤਰ 1.3: ਰਾਜਾਂ ਵਿੱਚ ਡੀ ਬੀ ਟੀ ਸੈੱਲ ਨਾਲ ਕੇਂਦਰ-ਰਾਜ ਤਾਲਮੇਲ**





*ਸ੍ਰੋਤ: ਰਾਜ ਡੀ ਬੀ ਟੀ ਸੈੱਲ ਲਈ ਦਿਸ਼ਾ ਨਿਰਦੇਸ਼*

## 1.3 ਰਾਜ ਵਿੱਚ ਡਾਇਰੈਕਟ ਬੈਨੀਫਿਟ ਟਰਾਂਸਫਰ ਦੀ ਸਥਿਤੀ

ਰਾਜ ਪੱਧਰ ਤੇ ਡੀ ਬੀ ਟੀ ਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਡੀ ਬੀ ਟੀ ਢਾਚੇ ਨੂੰ ਅਪਣਾਉਣ ਦੇ ਯੋਗ ਬਣਾਉਣ ਲਈ, ਪੰਜਾਬ ਵਿੱਚ ਵੱਖ ਵੱਖ ਡੀ ਬੀ ਟੀ ਸਕੀਮਾਂ ਦੇ ਲਾਗੂ ਹੋਣ

ਦੀ ਪ੍ਰਗਤੀ ਤੇ ਨਿਗਰਾਨੀ ਕਰਨ ਲਈ ਸ਼ਾਸਨ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ (ਡੀ ਜੀ ਆਰ ਪੀ ਜੀ) ਦੇ ਅਧੀਨ ਡੀ ਬੀ ਟੀ ਸੈੱਲ ਦਾ ਗਠਨ (ਜੁਲਾਈ 2017) ਕੀਤਾ ਗਿਆ ਸੀ। ਰਾਜ ਡੀ ਬੀ ਟੀ ਸੈੱਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਰਾਜ ਡੀ ਬੀ ਟੀ ਸੈੱਲ ਦੇ ਪ੍ਰਸਤਾਵਿਤ ਆਰਕੀਟੈਕਚਰ ਨੂੰ **ਚਾਰਟ 1.1** ਵਿੱਚ ਦਰਸਾਇਆ ਗਿਆ ਹੈ।

**ਚਾਰਟ 1.1: ਰਾਜ ਡੀ ਬੀ ਟੀ ਸੈੱਲ ਦਾ ਪ੍ਰਸਤਾਵਿਤ ਆਰਕੀਟੈਕਚਰ**




*ਸ੍ਰੋਤ: ਰਾਜ ਡੀ ਬੀ ਟੀ ਸੈੱਲ ਲਈ ਦਿਸ਼ਾ ਨਿਰਦੇਸ਼*

ਪੰਜਾਬ ਰਾਜ ਵਿੱਚ, ਨਵੰਬਰ 2017 ਵਿੱਚ ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਡੀ ਬੀ ਟੀ ਸੈੱਲ ਲਈ ਰਾਜ ਸਲਾਹਕਾਰ ਬੋਰਡ ਦਾ ਗਠਨ ਕੀਤਾ ਗਿਆ ਸੀ। ਵਧੀਕ ਸਕੱਤਰ-ਕਮ-ਨਿਰਦੇਸ਼ਕ, ਡੀ ਜੀ ਆਰ ਪੀ ਜੀ ਨੋਡਲ ਅਧਿਕਾਰੀ ਹੈ ਅਤੇ ਪੰਜਾਬ ਰਾਜ ਈ-ਗਵਰਨੈਂਸ ਸੁਸਾਇਟੀ (ਪੀ ਐਸ ਈ ਜੀ ਐਸ) ਰਾਜ ਡੀ ਬੀ ਟੀ ਸੈੱਲ ਲਈ ਲਾਗੂਕਰਤਾ ਏਜੰਸੀ ਹੈ। ਰਾਜ ਸਰਕਾਰ ਦੇ ਲਾਗੂਕਰਤਾ ਵਿਭਾਗਾਂ ਨੂੰ ਵੀ ਆਪਣੇ-ਆਪਣੇ ਵਿਭਾਗਾਂ ਦੀਆਂ ਡੀ ਬੀ ਟੀ ਨਾਲ ਸਬੰਧਤ ਗਤੀਵਿਧੀਆਂ ਨੂੰ ਇਕਜੁਟ ਕਰਨ ਲਈ ਉਨ੍ਹਾਂ ਦੇ ਅੰਦਰੂਨੀ ਡੀ ਬੀ ਟੀ ਸੈੱਲ ਬਣਾਉਣ ਦੀ ਜ਼ਰੂਰਤ ਸੀ।

ਡੀ ਬੀ ਟੀ ਸੈੱਲ ਦਾ ਮੁਢਲਾ ਉਦੇਸ਼ ਲਾਭਪਾਤਰੀਆਂ ਸਮੇਤ ਸਾਰੀਆਂ ਯੋਜਨਾਵਾਂ ਦੀ ਜਾਣਕਾਰੀ ਨੂੰ ਇੱਕਤਰ ਕਰਨਾ ਅਤੇ ਮੁਲਾਂਕਣ ਕਰਨਾ; ਰਾਜ ਪੱਧਰ ਤੇ ਲਾਗੂ ਕੀਤੀਆਂ ਜਾ ਰਹੀਆਂ ਡੀ ਬੀ ਟੀ ਲਾਗੂ ਸਕੀਮਾਂ ਅਤੇ ਪ੍ਰੋਗਰਾਮਾਂ ਦਾ ਵਿਸ਼ਲੇਸ਼ਣ ਅਤੇ ਪਛਾਣ ਕਰਨਾ; ਅਤੇ ਡੀ ਬੀ ਟੀ ਢਾਂਚੇ ਤੇ ਸਕੀਮ/ਪ੍ਰੋਗਰਾਮ ਦੇ ਲਾਗੂਕਰਨ/ਅਪਣਾਉਣ/ਆਨ-ਬੋਰਡਿੰਗ ਦੀ ਸਥਿਤੀ ਦੀ ਨਿਗਰਾਨੀ ਕਰਨਾ ਹੈ। ਜੁਲਾਈ 2020 ਤੱਕ, ਡੀ ਬੀ ਟੀ ਅਧੀਨ 17 ਵਿਭਾਗਾਂ/ਐਨੱਟਿਟੀਆਂ (ਕੈਸ਼ ਅਤੇ ਵਸਤੂ-ਰੂਪ ਵਿੱਚ ਟਰਾਂਸਫਰ ਦੋਵੇਂ) ਵਿੱਚ 127 ਵੱਖ-ਵੱਖ ਸਕੀਮਾਂ ਅਧੀਨ 274.84 ਲੱਖ ਲਾਭਪਾਤਰੀਆਂ ਨੂੰ ਕਵਰ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ, 49.23 ਲੱਖ ਲਾਭਪਾਤਰੀ ਡੀ ਬੀ ਟੀ (ਕੈਸ਼ ਟਰਾਂਸਫਰ) ਦੇ ਅਧੀਨ 13 ਵਿਭਾਗਾਂ ਵਿੱਚ 94 ਸਕੀਮਾਂ ਅਧੀਨ ਕਵਰ ਕੀਤੇ ਗਏ ਸਨ। ਡੀ ਬੀ ਟੀ (ਕੈਸ਼ ਟਰਾਂਸਫਰ) ਅਧੀਨ 2017-2021 ਦੌਰਾਨ (ਜੁਲਾਈ 2020 ਤੱਕ) ਵਰ੍ਹੇ-ਵਾਰ

ਅਤੇ ਵਿਭਾਗ-ਵਾਰ ਸਕੀਮਾਂ ਦੀ ਕੁੱਲ ਗਿਣਤੀ, ਕਵਰ ਕੀਤੇ ਗਏ ਲਾਭਪਾਤਰੀ ਅਤੇ ਕੀਤੇ ਗਏ ਖਰਚੇ ਦੇ ਵੇਰਵੇ ਕ੍ਰਮਵਾਰ **ਸਾਰਣੀ 1.1** ਅਤੇ ***ਅੰਤਿਕਾ 1.1*** ਵਿੱਚ ਦਿੱਤੇ ਗਏ ਹਨ।

**ਸਾਰਣੀ 1.1: 2017-2021 (ਜੁਲਾਈ 2020 ਤੱਕ) ਦੌਰਾਨ ਡੀ ਬੀ ਟੀ (ਕੈਸ਼ ਟਰਾਂਸਫਰ) ਅਧੀਨ ਸਕੀਮਾਂ ਦੀ ਗਿਣਤੀ, ਕਵਰ ਕੀਤੇ ਗਏ ਲਾਭਪਾਤਰੀ ਅਤੇ ਕੀਤਾ ਗਿਆ ਖਰਚਾ**

| ਸਾਲ | ਸਕੀਮਾਂ ਦੀ ਗਿਣਤੀ | ਲਾਭਪਾਤਰੀਆਂ ਦੀ ਗਿਣਤੀ (ਲੱਖ ਵਿੱਚ) | ਖਰਚਾ (₹ ਕਰੋੜ ਵਿੱਚ) |
|---|---|---|---|
| 2017-18 | 51 | 45.27 | 6,085.83 |
| 2018-19 | 71 | 44.95 | 2,491.58 |
| 2019-20 | 81 | 56.42 | 3,565.89 |
| 2020-21 (ਜੁਲਾਈ 2020 ਤੱਕ) | 94 | 49.23 | 2,289.49 |
| **ਜੋੜ** | | | **14,432.79** |

*ਸ੍ਰੋਤ: ਰਾਜ ਡੀ ਬੀ ਟੀ ਸੈਲ ਵੱਲੋਂ ਮੁਹੱਈਆ ਕਰਵਾਈ ਗਈ ਸੂਚਨਾ*

**ਸਾਰਣੀ 1.1** ਦਰਸਾਉਂਦੀ ਹੈ ਕਿ ਪੰਜਾਬ ਰਾਜ ਵਿੱਚ ਡੀ ਬੀ ਟੀ ਦੇ ਲਾਗੂ ਹੋਣ ਤੋਂ ਬਾਅਦ, ਡੀ ਬੀ ਟੀ ਦੇ ਅਧੀਨ ਸਕੀਮਾਂ (ਕੈਸ਼ ਟਰਾਂਸਫਰ) ਦੀ ਕਵਰੇਜ ਦੀ ਗਿਣਤੀ 2017-18 ਵਿੱਚ 51 ਸਕੀਮਾਂ ਤੋਂ ਵਧ ਕੇ 2020-21 (ਜੁਲਾਈ 2020 ਤੱਕ) ਵਿੱਚ 94 ਸਕੀਮਾਂ ਤੱਕ ਹੋ ਗਈ। ਰਿਪੋਰਟ ਦੇ ਅਧਿਆਇ-IV (ਪੈਰ੍ਹਾ 4.4) ਵਿੱਚ ਪਿਛਲੇ ਸਾਲ 2017-18 ਦੇ ਮੁਕਾਬਲੇ 2018-19 ਦੌਰਾਨ ਖਰਚੇ ਵਿੱਚ ਕਮੀ ਦੇ ਕਾਰਨਾਂ ਦੀ ਚਰਚਾ ਕੀਤੀ ਗਈ ਹੈ।

# ਅਧਿਆਇ-II

# ਲੇਖਾ ਪ੍ਰੀਖਿਆ ਢਾਂਚਾ

# ਅਧਿਆਇ-II

# ਲੇਖਾ ਪ੍ਰੀਖਿਆ ਢਾਂਚਾ

## 2.1 ਵਿਭਾਗ ਦੀ ਚੋਣ

ਪੰਜਾਬ ਸਰਕਾਰ (ਜੀ ਓ ਪੀ) ਨੇ ਅਪ੍ਰੈਲ 2017 ਤੋਂ ਜੁਲਾਈ 2020 ਦੇ ਸਮੇਂ ਦੌਰਾਨ 13 ਵਿਭਾਗਾਂ ਵਿੱਚ 94 ਵੱਖ-ਵੱਖ ਸਕੀਮਾਂ ਅਧੀਨ ₹ 14,432.79 ਕਰੋੜ ਦੀ ਰਾਸ਼ੀ ਡੀ ਬੀ ਟੀ (ਕੈਸ਼ ਟਰਾਂਸਫਰ) ਰਾਹੀਂ ਟਰਾਂਸਫਰ ਕੀਤੀ ਸੀ। ਇਸ ਵਿੱਚੋਂ, 60 *ਪ੍ਰਤੀਸ਼ਤ* ਰਾਸ਼ੀ (ਭਾਵ ₹ 8,674.43 ਕਰੋੜ) ਡੀ ਬੀ ਟੀ ਦੁਆਰਾ ਸਮਾਜਿਕ ਸੁੱਰਖਿਆ ਅਤੇ ਮਹਿਲਾਵਾਂ ਅਤੇ ਬਾਲ ਵਿਕਾਸ (ਡੀ ਐਸ ਐਸ ਡਬਲਿਊ ਸੀ ਡੀ) ਦੁਆਰਾ ਲਾਗੂ ਕੀਤੀਆਂ ਜਾ ਰਹੀਆਂ 18 ਸਕੀਮਾਂ ਦੇ ਅਧੀਨ ਟਰਾਂਸਫਰ ਕੀਤੀ ਗਈ ਸੀ, ਜਿਸ ਵਿੱਚੋਂ ਇਸੇ ਸਮੇਂ ਦੌਰਾਨ ₹ 7,672.62 ਕਰੋੜ (ਯਾਨੀਕਿ ₹ 8,674.43 ਕਰੋੜ ਦਾ 88 *ਪ੍ਰਤੀਸ਼ਤ*) ਵਿਭਾਗ ਦੁਆਰਾ (i) ਬੁਢਾਪਾ ਪੈਨਸ਼ਨ (ਓ ਏ ਪੀ); (ii) ਵਿਧਵਾਵਾਂ ਅਤੇ ਬੇਸਹਾਰਾ ਮਹਿਲਾਵਾਂ ਨੂੰ ਵਿੱਤੀ ਸਹਾਇਤਾ (ਐਫ ਏ ਡਬਲਿਊ ਡੀ ਡਬਲਿਊ); ਅਤੇ (iii) ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ (ਐਫ ਏ ਡੀ ਸੀ) ਨਾਮਕ ਤਿੰਨ ਸਕੀਮਾਂ ਅਧੀਨ ਟਰਾਂਸਫਰ ਕੀਤਾ ਗਿਆ ਸੀ *(ਅੰਤਿਕਾ 2.1)*।

ਇਸਦੇ ਚਿਤਵੇ ਨਤੀਜਿਆਂ ਨੂੰ ਪ੍ਰਾਪਤ ਕਰਨ ਦੀ ਗੰਭੀਰਤਾ, ਵੱਧ ਰਹੇ ਵਿੱਤੀ ਆਉਟਲੇਅਜ਼ ਅਤੇ ਸਮਾਜਿਕ ਸੁਰੱਖਿਆ ਸਕੀਮਾਂ ਦੇ ਤੁਲਨਾਤਮਕ ਪ੍ਰਭਾਵ, ਜਿਸਦਾ ਉਦੇਸ਼ ਆਰਥਿਕ ਥੁੜ ਨੂੰ ਦੂਰ ਕਰਨ ਲਈ ਮਹੀਨਾਵਾਰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ, ਨੂੰ ਧਿਆਨ ਵਿੱਚ ਰੱਖਦੇ ਹੋਏ, ਡੀ ਬੀ ਟੀ (ਕੈਸ਼ ਟਰਾਂਸਫਰ) ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਕਰਨ ਲਈ, ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਲਾਗੂ ਕੀਤੀਆਂ ਜਾ ਰਹੀਆਂ ਓ ਏ ਪੀ, ਐਫ ਏ ਡਬਲਿਊ ਡੀ ਡਬਲਿਊ ਅਤੇ ਐਫ ਏ ਡੀ ਸੀ ਨਾਮਕ ਤਿੰਨ ਸਕੀਮਾਂ ਦੀ ਚੋਣ, ਇਨ੍ਹਾਂ ਅਧੀਨ ਕੀਤੇ ਗਏ ਸਭ ਤੋਂ ਜ਼ਿਆਦਾ ਖਰਚੇ ਨੂੰ ਧਿਆਨ ਵਿੱਚ ਰੱਖਦਿਆਂ ਕੀਤੀ ਗਈ ਸੀ।


## 2.2 ਸੰਗਠਨਾਤਮਕ ਢਾਂਚਾ

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਡੀ ਐਸ ਐਸ ਡਬਲਿਊ ਸੀ ਡੀ), ਪੰਜਾਬ ਵਿਧਵਾਵਾਂ ਅਤੇ ਬੇਸਹਾਰਾ ਮਹਿਲਾਵਾਂ ਦੀ ਭਲਾਈ; ਬਜ਼ੁਰਗ, ਅਪਾਹਜ[1] ਵਿਅਕਤੀਆਂ; ਅਤੇ ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ ਅਤੇ ਗਰਭਵਤੀ ਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਨੂੰ ਪੋਸ਼ਣ ਅਤੇ ਸਿਹਤ ਸੇਵਾਵਾਂ ਦੇਣ ਸਮੇਤ ਯਤੀਮ ਅਤੇ ਆਸ਼ਰਿਤ ਬੱਚਿਆਂ ਲਈ ਕੰਮ ਕਰਦਾ ਹੈ। ਡੀ ਐਸ ਐਸ ਡਬਲਿਊ ਸੀ ਡੀ ਦਾ ਸੰਗਠਨਾਤਮਕ ਢਾਂਚਾ **ਚਾਰਟ** 2.1 ਵਿੱਚ ਦਿੱਤਾ ਗਿਆ ਹੈ।

---

[1] ਜਿਵੇਂ ਕਿ ਅਪਾਹਜ ਵਿਅਕਤੀਆਂ ਦੇ ਅਧਿਕਾਰ ਐਕਟ, 2016 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.1: ਸਮਾਜਿਕ ਸੁੱਰਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦਾ ਸੰਗਠਨਾਤਮਕ ਚਾਰਟ**




***ਸ੍ਰੋਤ: ਵਿਭਾਗ ਦੀ ਵੈਬਸਾਈਟ (http://sswcd.punjab.gov.in)***

## 2.3 ਚੁਣੀਆਂ ਗਈਆਂ ਸਕੀਮਾਂ ਦਾ ਸੰਖੇਪ ਵਰਣਨ

ਡੀ ਐਸ ਐਸ ਡਬਲਿਊ ਸੀ ਡੀ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਓ ਏ ਪੀ, ਐਫ ਏ ਡਬਲਿਊ ਡੀ ਡਬਲਿਊ ਅਤੇ ਐਫ ਏ ਡੀ ਸੀ ਨਾਮਕ ਤਿੰਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਲਈ ਮੌਜੂਦਾ ਨਿਯਮਾਂ[2] ਅਨੁਸਾਰ ਯੋਗ ਲਾਭਪਾਤਰੀਆਂ ਨੂੰ ₹ 500/- ਪ੍ਰਤੀ ਮਹੀਨਾ (ਜੂਨ 2017 ਤੱਕ) ਅਤੇ ₹ 750/- ਪ੍ਰਤੀ ਮਹੀਨਾ (ਜੁਲਾਈ 2017 ਤੋਂ) ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਣੀ ਸੀ। ਤਿੰਨ ਸਕੀਮਾਂ ਵਿੱਚ ਹਰ ਇਕ ਲਈ ਨਿਰਧਾਰਤ ਯੋਗਤਾ ਮਾਪਦੰਡ **ਸਾਰਣੀ** 2.1 ਵਿੱਚ ਦਰਸਾਇਆ ਗਿਆ ਹੈ।

[2] (i) ਸਮੇਂ ਸਮੇਂ ਤੇ ਸੋਧੇ ਗਏ ਪੰਜਾਬ ਬੁਢਾਪਾ ਪੈਨਸ਼ਨ ਨਿਯਮ, 1996; (ii) ਪੰਜਾਬ ਵਿੱਚ ਵਿਧਵਾਵਾਂ ਅਤੇ ਬੇਸਹਾਰਾ ਮਹਿਲਾਵਾਂ ਨੂੰ ਵਿੱਤੀ ਸਹਾਇਤਾ ਨਿਯਮ, 1996; ਅਤੇ (iii) ਪੰਜਾਬ ਵਿੱਚ ਨਿਰਭਰ ਬੱਚਿਆਂ ਨੂੰ ਵਿੱਤੀ ਸਹਾਇਤਾ ਨਿਯਮ, 1996 ।


**ਸਾਰਣੀ 2.1: ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਵਿੱਤੀ ਸਹਾਇਤਾ ਮੁੱਹਈਆਂ ਕਰਨ ਲਈ ਯੋਗਤਾ ਮਾਪਦੰਡ**

| ਲੜੀ ਨੰ. | ਵੇਰਵਾ | ਓ ਏ ਪੀ | ਐਫ ਏ ਡਬਲਿਊ ਡੀ ਡਬਲਿਊ | ਐਫ ਏ ਡੀ ਸੀ |
|---|---|---|---|---|
| 1. | ਉਮਰ | ਮਰਦਾਂ ਲਈ 65 ਸਾਲ ਜਾਂ ਵੱਧ ਅਤੇ ਔਰਤਾਂ ਲਈ 58 ਸਾਲ ਜਾਂ ਵੱਧ। | 58 ਸਾਲ ਤੋਂ ਘੱਟ ਵਿਧਵਾਵਾਂ ਅਤੇ ਬੇਸਹਾਰਾ ਮਹਿਲਾਵਾਂ (ਉਹ ਔਰਤਾਂ ਵੀ ਸ਼ਾਮਲ ਹਨ ਜਿਨ੍ਹਾਂ ਦਾ ਪਤੀ ਮਾਨਸਿਕ ਜਾਂ ਸ਼ਰੀਰਕ ਤੌਰ ਤੇ ਅਪਾਹਜ ਹੈ) ਜਾਂ 30 ਸਾਲ ਦੀ ਉਮਰ ਤੋਂ ਵੱਧ ਅਣਵਿਆਹੀਆਂ ਮਹਿਲਾਵਾਂ | 21 ਸਾਲਾਂ ਤੋਂ ਘੱਟ ਉਮਰ ਵਾਲੇ ਵੱਧ ਤੋਂ ਵੱਧ ਦੋ ਬੱਚੇ ਜਿਨ੍ਹਾਂ ਦੇ ਮਾਪਿਆਂ ਦੀ ਮੌਤ ਚੁੱਕੀ ਹੈ/ਅਪਾਹਜ ਹਨ/ ਆਪਣੀ ਉਪਜੀਵਕਾ ਕਮਾਉਣ ਦੇ ਅਯੋਗ ਹਨ |
| | ਵੈਰੀਫਿਕੇਸ਼ਨ | ਜਨਮ ਦੀ ਮਿਤੀ ਦਾ ਸਬੂਤ | ਵਿਧਵਾ ਦੇ ਮਾਮਲੇ ਵਿੱਚ ਪਤੀ ਦੀ ਮੌਤ ਦਾ ਸਰਟੀਫੀਕੇਟ, ਅਣਵਿਆਹੀਆਂ ਮਹਿਲਾਵਾਂ ਲਈ ਹਲਫਨਾਮਾ, ਸਰਕਾਰੀ ਮੈਡੀਕਲ ਅਫਸਰ ਤੋਂ ਅਪੰਗਤਾ ਸਰਟੀਫੀਕੇਟ ਅਤੇ ਜਨਮ ਦੀ ਮਿਤੀ ਦਾ ਸਬੂਤ | ਮਾਪਿਆਂ ਦੀ ਮੌਤ ਦਾ ਸਰਟੀਫੀਕੇਟ, ਸਰਕਾਰੀ ਮੈਡੀਕਲ ਅਫਸਰ ਤੋਂ ਅਪੰਗਤਾ ਸਰਟੀਫੀਕੇਟ ਅਤੇ ਜਨਮ ਦੀ ਮਿਤੀ ਦਾ ਸਬੂਤ |
| 2. | ਸਲਾਨਾ ਆਮਦਨ ਹੱਦ | ਪ੍ਰਤੀ ਸਾਲ ₹ 60,000/- ਤੋਂ ਘੱਟ (ਸਵੈ-ਘੋਸ਼ਣਾ) | | |
| 3. | ਰਿਹਾਇਸ਼ ਦਾ ਸਮਾਂ | ਲਾਭਾਂ ਲਈ ਅਪਲਾਈ ਕਰਨ ਤੋਂ ਤੁਰੰਤ ਪਹਿਲਾਂ ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਦਾ ਵਸਨੀਕ (ਸਵੈ-ਘੋਸ਼ਣਾ) | | ਲਾਗੂ ਨਹੀਂ |
| 4. | ਜ਼ਮੀਨ | | | |
| | ਪੇਂਡੂ ਲਾਭਪਾਤਰੀਆਂ ਲਈ | 2.5 ਏਕੜ ਘੱਟ ਖੇਤੀਬਾੜੀ ਜ਼ਮੀਨ ਜਾਂ 5 ਏਕੜ ਤੋਂ ਘੱਟ ਗੈਰ-ਖੇਤੀਬਾੜੀ ਜ਼ਮੀਨ ਵਾਲੇ | ਲਾਗੂ ਨਹੀਂ | ਲਾਗੂ ਨਹੀਂ |
| | ਸ਼ਹਿਰੀ ਲਾਭਪਾਤਰੀਆਂ ਲਈ | 200 ਵਰਗ ਮੀਟਰ ਤੋਂ ਘੱਟ ਰਿਹਾਇਸ਼ੀ ਮਕਾਨ | | |
| | ਵੈਰੀਫਿਕੇਸ਼ਨ | ਪਟਵਾਰੀ/ਈ ਓ, ਐਮ ਸੀ ਤੋਂ ਵੈਰੀਫਿਕੇਸ਼ਨ ਰਿਪੋਰਟ | | |

*ਸ੍ਰੋਤ: ਸਮਾਜਿਕ ਸੁਰੱਖਿਆ ਸਕੀਮਾਂ ਦੇ ਨਿਯਮ*

ਡੀ ਐਸ ਐਸ ਡਬਲਿਊ ਸੀ ਡੀ ਵਿੱਚ ਸਮਾਜਿਕ ਸੁਰੱਖਿਆ ਸਕੀਮਾਂ ਦੇ ਅਧੀਨ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਮਨਜ਼ੂਰੀ ਲਈ ਕਾਰਜ ਪ੍ਰਣਾਲੀ **ਚਾਰਟ** 2.2 ਵਿੱਚ ਦਿੱਤੀ ਗਈ ਹੈ।

**ਚਾਰਟ 2.2: ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਮਨਜ਼ੂਰੀ ਲਈ ਕਾਰਜ ਪ੍ਰਣਾਲੀ ਨੂੰ ਦਰਸਾਉਂਦਾ ਵਰਕਫਲੋਅ**





*ਸ੍ਰੋਤ: ਵਿਭਾਗੀ ਸੂਚਨਾ*

## *ਲਾਭਪਾਤਰੀਆਂ ਦਾ ਡਿਜਟੀਕਰਣ*

ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧ ਵਿੱਚ ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਸਪਲਾਈ ਕੀਤੇ ਗਏ ਡਾਟੇ ਤੋਂ ਇਹ ਵੇਖਿਆ ਗਿਆ ਹੈ ਕਿ ਜੁਲਾਈ 2020 ਤੱਕ 21.93 ਲੱਖ ਲਾਭਪਾਤਰੀਆਂ ਦੇ ਵੇਰਵਿਆਂ ਦਾ ਡਿਜਟੀਕਰਣ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ 19.51 ਲੱਖ (88.96 *ਪ੍ਰਤੀਸ਼ਤ*) ਲਾਭਪਾਤਰੀਆਂ ਦੇ ਆਧਾਰ ਨੰਬਰ ਪੈਨਸ਼ਨ ਬੈਨੀਫਿਸ਼ਅਰੀ ਮਨੇਜਮੈਂਟ ਸਿਸਟਮ[3] (ਪੀ ਬੀ ਐਮ ਐਸ) ਵਿੱਚ ਕੈਪਚਰ ਕੀਤੇ ਗਏ ਸਨ ਜਿਵੇਂ ਕਿ **ਚਾਰਟ** 2.3 ਵਿੱਚ ਵੇਰਵਾ ਦਿੱਤਾ ਗਿਆ ਹੈ।

[3] ਪੀ ਬੀ ਐਮ ਐਸ, ਪੰਜਾਬ ਰਾਜ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧ ਵਿੱਚ ਲਾਭਪਾਤਰੀ ਦੇ ਵੇਰਵਿਆਂ ਨੂੰ ਕੈਪਚਰ ਕਰਨ ਲਈ ਡੀ ਐਸ ਐਸ ਡਬਲਿਊ ਸੀ ਡੀ ਵੱਲੋਂ ਵਿਕਸਤ ਕੀਤਾ ਗਿਆ ਇੱਕ ਵੈਬ-ਅਧਾਰਤ ਸਾਫਟਵੇਅਰ ਹੈ।

**ਚਾਰਟ 2.3: ਰਾਜ ਵਿੱਚ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਲਏ ਗਏ ਆਧਾਰ ਨੰਬਰਾਂ ਦੇ ਨਾਲ ਨਾਲ ਡਿਜਟੀਕਰਣ ਕੀਤੇ ਲਾਭਪਾਤਰੀਆਂ ਦੇ ਵੇਰਵੇ**




*ਸ੍ਰੋਤ: ਵਿਭਾਗੀ ਡਾਟਾ*

## 2.4 ਲੇਖਾ ਪ੍ਰੀਖਿਆ ਉਦੇਸ਼


ਡੀ ਬੀ ਟੀ (ਕੈਸ਼ ਟਰਾਂਸਫਰ) ਅਧੀਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਕਰਨ ਦਾ ਲੇਖਾ ਪ੍ਰੀਖਿਆ ਉਦੇਸ਼ ਇਹ ਪਤਾ ਲਾਉਣਾ ਸੀ:

- ਕੀ ਡੀ ਬੀ ਟੀ ਨੂੰ ਲਾਗੂ ਕਰਨ ਲਈ ਲੋੜੀਂਦੀ ਮੁੜ-ਇੰਜਨੀਅਰਿੰਗ ਦੀ ਪ੍ਰਕਿਰਿਆ ਕੀਤੀ ਗਈ ਸੀ ਤਾਂ ਜੋ ਹੇਠ ਲਿਖਤ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ -
  - ੳ) ਇੰਟਰਮੀਡੀਅਰੀ ਪੱਧਰ,
  - ਅ) ਚਿਤਵੇਂ ਲਾਭਪਾਤਰੀਆਂ ਨੂੰ ਭੁਗਤਾਨਾਂ ਵਿੱਚ ਦੇਰੀ ਅਤੇ
  - ੲ) ਪਿਲਫਰੇਜ ਅਤੇ ਡੁਪਲੀਕੇਸ਼ਨ; ਅਤੇ
- ਕੀ ਡੀ ਬੀ ਟੀ ਦਾ ਬੁਨਿਆਦੀ ਢਾਂਚਾ, ਸੰਗਠਨ ਅਤੇ ਪ੍ਰਬੰਧਨ ਪੂਰਾ ਅਤੇ ਅਸਰਦਾਰ ਸੀ।

## 2.5 ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਵਿਧੀ

ਡੀ ਬੀ ਟੀ (ਕੈਸ਼ ਟਰਾਂਸਫਰ) ਅਧੀਨ ਡੀ ਐਸ ਐਸ ਡਬਲਿਊ ਸੀ ਡੀ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਓ ਏ ਪੀ, ਐਫ ਏ ਡਬਲਿਊ ਡੀ ਡਬਲਿਊ ਅਤੇ ਐਫ ਏ ਡੀ ਸੀ ਨਾਮਕ ਤਿੰਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਦੀ, ਛੇ (22 ਵਿੱਚੋਂ) ਚੁਣੇ ਗਏ ਜ਼ਿਲ੍ਹਿਆਂ ਵਿੱਚ, ਅਪ੍ਰੈਲ 2017 ਤੋਂ ਜੁਲਾਈ 2020 ਤੱਕ ਦੇ ਸਮੇਂ ਨੂੰ ਕਵਰ ਕਰਦੀ ਹੋਈ ਕਾਰਗੁਜ਼ਾਰੀ ਲੇਖਾ ਪ੍ਰੀਖਿਆ (ਅਕਤੂਬਰ 2020-ਮਾਰਚ 2021) ਕੀਤੀ ਗਈ ਸੀ, ਜਿਵੇਂ ਕਿ ਹੇਠਾਂ ਪੰਜਾਬ ਰਾਜ ਦੇ ਨਕਸ਼ੇ ਵਿੱਚ ਦਰਸਾਇਆ ਗਿਆ ਹੈ।

**ਕਾਰਗੁਜ਼ਾਰੀ ਲੇਖਾ ਪ੍ਰੀਖਿਆ ਲਈ ਚੁਣੇ ਗਏ ਛੇ ਜ਼ਿਲ੍ਹਿਆਂ ਨੂੰ ਦਰਸਾਉਂਦਾ ਹੋਇਆ ਪੰਜਾਬ ਰਾਜ ਦਾ ਨਕਸ਼ਾ**




ਇਸ ਤੋਂ ਇਲਾਵਾ, ਛੇ ਜ਼ਿਲ੍ਹਿਆਂ ਦੇ ਹਰ ਇੱਕ ਵਿੱਚ ਦੋ ਬਲਾਕਾਂ ਨੂੰ ਰਿਕਾਰਡ ਦੀ ਨਮੂਨਾ-ਜਾਂਚ ਲਈ ਚੁਣਿਆ[4] ਗਿਆ ਸੀ। ਇਸ ਤੋਂ ਇਲਾਵਾ, ਸ਼ਾਸਨਿਕ ਸੁਧਾਰ ਤੇ ਜਨਤਕ ਸ਼ਿਕਾਇਤਾਂ ਵਿਭਾਗ (ਡੀ ਜੀ ਆਰ ਪੀ ਜੀ) ਦੁਆਰਾ ਰੱਖੇ ਜਾ ਰਹੇ ਰਿਕਾਰਡ/ਡਾਟੇ ਦੀ ਵੀ ਨਮੂਨਾ-ਜਾਂਚ ਕੀਤੀ ਗਈਆਂ ਸਨ।

ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੇ ਸਬੰਧ ਵਿੱਚ ਪੰਜਾਬ ਸਰਕਾਰ ਦੇ ਪ੍ਰਮੁੱਖ ਸਕੱਤਰ, ਡੀ ਐਸ ਐਸ ਡਬਲਿਯੂ ਸੀ ਡੀ ਅਤੇ ਵਿਸ਼ੇਸ਼ ਸਕੱਤਰ, ਡੀ ਜੀ ਆਰ ਪੀ ਜੀ ਦੇ ਨਾਲ ਇੱਕ ਐਂਟਰੀ ਕਾਨਫਰੰਸ (ਦਸੰਬਰ 2020) ਆਯੋਜਿਤ ਕੀਤੀ ਗਈ ਸੀ, ਜਿਸ ਵਿੱਚ ਲੇਖਾ ਪ੍ਰੀਖਿਆ ਦੀ ਵਿਧੀ, ਦਾਇਰਾ, ਉਦੇਸ਼ ਅਤੇ ਮਾਪਦੰਡਾਂ ਬਾਰੇ ਚਰਚਾ ਕੀਤੀ ਗਈ ਸੀ। ਜੁਲਾਈ 2021 ਨੂੰ ਹੋਈ ਐਗਜ਼ਿਟ ਕਾਨਫਰੰਸ ਵਿੱਚ ਲੇਖਾ ਪ੍ਰੀਖਿਆ ਦੇ ਨਤੀਜਿਆ ਬਾਰੇ ਸਬੰਧਤ ਵਿਭਾਗ ਨਾਲ ਚਰਚਾ ਕੀਤੀ ਗਈ ਸੀ ਅਤੇ ਉਨ੍ਹਾਂ ਵੱਲੋਂ ਦਿੱਤੇ ਜਵਾਬਾਂ ਨੂੰ ਰਿਪੋਰਟ ਵਿੱਚ ਢੁਕਵੇਂ ਰੂਪ ਵਿੱਚ ਸ਼ਾਮਲ ਕੀਤਾ ਗਿਆ ਸੀ।

---

4 (i) ਫਤਿਹਗੜ੍ਹ ਸਾਹਿਬ (ਅਮਲੋਹ ਅਤੇ ਬੱਸੀ ਪਠਾਣਾ); (ii) ਲੁਧਿਆਣਾ (ਦੋਰਾਹਾ ਅਤੇ ਖੰਨਾ); (iii) ਪਟਿਆਲਾ (ਰਾਜਪੁਰਾ ਅਤੇ ਪਟਿਆਲਾ- ਸ਼ਹਿਰੀ); (iv) ਰੂਪਨਗਰ (ਮੋਰਿੰਡਾ ਅਤੇ ਚਮਕੌਰ ਸਾਹਿਬ); (v) ਐਸ ਬੀ ਐਸ ਨਗਰ (ਔੜ ਅਤੇ ਬਲਾਚੌਰ); ਅਤੇ (vi) ਐਸ ਏ ਐਸ ਨਗਰ (ਮਾਜਰੀ ਅਤੇ ਖਰੜ), ਕੋਵਿਡ-19 ਮਹਾਂਮਾਰੀ ਦੀ ਸਥਿਤੀ ਦੇ ਕਾਰਨ ਨਿਰਣਾਇਕ ਆਧਾਰ ਤੇ ਚੁਣਿਆ ਗਿਆ ਹੈ।

## 2.6 ਲੇਖਾ ਪ੍ਰੀਖਿਆ ਮਾਪਦੰਡ

ਲੇਖਾ ਪ੍ਰੀਖਿਆ ਮਾਪਦੰਡ ਹੇਠ ਲਿਖੇ ਸ੍ਰੋਤਾਂ ਤੋਂ ਲਏ ਗਏ ਸਨ:

- ਸਟੈਂਡਰਡ ਆਪਰੇਟਿੰਗ ਪਰੋਸੀਜ਼ਰਜ਼, ਰਾਜਾਂ ਵਿੱਚ ਡੀ ਬੀ ਟੀ ਦਾ ਪ੍ਰੋਟੋਕੋਲ ਦਸਤਾਵੇਜ਼, ਡੀ ਬੀ ਟੀ ਦੀ ਹੈਂਡਬੁੱਕ, ਭਾਰਤ ਸਰਕਾਰ (ਜੀ ਓ ਆਈ) ਦੇ ਡੀ ਬੀ ਟੀ ਮਿਸ਼ਨ ਦੁਆਰਾ ਰਾਜ ਡੀ ਬੀ ਟੀ ਸੈੱਲ ਆਦਿ ਲਈ ਜਾਰੀ ਕੀਤੇ ਗਏ ਦਿਸ਼ਾ ਨਿਰਦੇਸ਼;
- ਭਾਰਤ ਸਰਕਾਰ ਦੀਆਂ ਵੈਬਸਾਈਟਾਂ ਲਈ ਦਿਸ਼ਾ ਨਿਰਦੇਸ਼ ਅਤੇ ਡਾਟਾਬੇਸ ਦੇ ਰੱਖ-ਰਖਾਅ, ਵੱਖ-ਵੱਖ ਰਿਪੋਰਟਾਂ ਜਨਰੇਟ ਕਰਨ ਤੇ ਆਈ ਟੀ ਕੰਟਰੋਲਾਂ ਨਾਲ ਸਬੰਧਿਤ ਵੱਖ-ਵੱਖ ਹਦਾਇਤਾਂ;
- 'ਬੁਢਾਪਾ ਪੈਨਸ਼ਨ', 'ਵਿਧਵਾਵਾਂ ਅਤੇ ਬੇਸਹਾਰਾ ਮਹਿਲਾਵਾਂ ਨੂੰ ਵਿੱਤੀ ਸਹਾਇਤਾ' ਅਤੇ 'ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ', ਨਾਮਕ ਚੁਣੀਆਂ ਹੋਈਆਂ ਸਕੀਮਾਂ ਨਾਲ ਸਬੰਧਤ ਦਿਸ਼ਾ ਨਿਰਦੇਸ਼, ਨਿਯਮ ਅਤੇ ਆਦੇਸ਼ ਜੋ ਰਾਜ ਸਰਕਾਰ ਦੁਆਰਾ ਸਮੇਂ ਸਮੇਂ ਤੇ ਜਾਰੀ ਕੀਤੇ ਜਾਂਦੇ ਹਨ; ਅਤੇ
- ਡੀ ਬੀ ਟੀ ਮਿਸ਼ਨ, ਭਾਰਤ ਸਰਕਾਰ ਅਤੇ ਰਾਜ ਸਰਕਾਰ ਦੁਆਰਾ ਜਾਰੀ ਪੰਜਾਬ ਬਜਟ ਮੈਨੂਅਲ ਅਤੇ ਹੋਰ ਸਰਕੂਲਰ, ਆਦੇਸ਼, ਹਦਾਇਤਾਂ ਅਤੇ ਨੋਟੀਫਿਕੇਸ਼ਨ ।

## 2.7 ਲੇਖਾ ਪ੍ਰੀਖਿਆ ਲੱਭਤਾਂ ਨੂੰ ਸੰਗਠਿਤ ਕਰਨਾ

ਦੋ ਲੇਖਾ ਪ੍ਰੀਖਿਆ ਉਦੇਸ਼ਾਂ ਵਿੱਚੋਂ ਹਰ ਇੱਕ ਨਾਲ ਸਬੰਧਤ ਲੇਖਾ ਪ੍ਰੀਖਿਆ ਲੱਭਤਾਂ, ਸਿੱਟੇ ਅਤੇ ਸਿਫਾਰਸ਼ਾਂ ਨੂੰ ਆਸਾਨੀ ਨਾਲ ਸਮਝਣ ਅਤੇ ਪੈਰਵ੍ਹੀ ਕਰਨ ਲਈ ਦੋ ਵੱਖ-ਵੱਖ ਅਧਿਆਵਾਂ ਭਾਵ ਅਧਿਆਇ III ਅਤੇ IV ਵਿੱਚ ਰਿਪੋਰਟ ਕੀਤਾ ਗਿਆ ਹੈ।

## 2.8 ਧੰਨਵਾਦ ਦਾ ਪ੍ਰਗਟਾਵਾ

ਕਾਰਗੁਜ਼ਾਰੀ ਲੇਖਾ ਪ੍ਰੀਖਿਆ ਕਰਨ ਵਿੱਚ ਰਾਜ ਸਰਕਾਰ, ਸਮਾਜਿਕ ਸੁਰੱਖਿਆ ਅਤੇ ਮਹਿਲਾਵਾਂ ਤੇ ਬਾਲ ਵਿਕਾਸ ਵਿਭਾਗ, ਸ਼ਾਸਨਿਕ ਸੁਧਾਰ ਤੇ ਜਨਤਕ ਸ਼ਿਕਾਇਤਾਂ ਵਿਭਾਗ ਅਤੇ ਸਾਰੇ ਨਮੂਨਾ-ਜਾਂਚ ਕੀਤੇ ਗਏ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀਆਂ ਅਤੇ ਬਾਲ ਵਿਕਾਸ ਪ੍ਰੋਜੈਕਟ ਅਧਿਕਾਰੀਆਂ ਵੱਲੋਂ ਦਿੱਤੇ ਗਏ ਸਹਿਯੋਗ ਤੇ ਸਹਾਇਤਾ ਲਈ ਲੇਖਾ ਪ੍ਰੀਖਿਆ ਵਲੋਂ ਧੰਨਵਾਦ ਕੀਤਾ ਜਾਂਦਾ ਹੈ।

# ਅਧਿਆਇ-III

# ਡਾਇਰੈਕਟ ਬੈਨੀਫਿਟ ਟਰਾਂਸਫਰ ਨੂੰ ਲਾਗੂ ਕਰਨ ਲਈ ਪ੍ਰਕ੍ਰਿਆ ਦੀ ਮੁੜ-ਇੰਜੀਨੀਅਰਿੰਗ

# ਅਧਿਆਇ-III

# ਡਾਇਰੈਕਟ ਬੈਨੀਫਿਟ ਟਰਾਂਸਫਰ ਨੂੰ ਲਾਗੂ ਕਰਨ ਲਈ ਪ੍ਰਕ੍ਰਿਆ ਦੀ ਮੁੜ-ਇੰਜੀਨੀਅਰਿੰਗ

## 3.1 ਵਿੱਤੀ ਪ੍ਰਬੰਧਨ

### *3.1.1 ਬਜਟ ਅਤੇ ਖਰਚਾ*

2017-2021 (ਜੁਲਾਈ 2020 ਤੱਕ) ਦੇ ਸਮੇਂ ਦੌਰਾਨ ਤਿੰਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਭਾਵ ਬੁਢਾਪਾ ਪੈਨਸ਼ਨ (ਓ ਏ ਪੀ); ਵਿਧਵਾਵਾਂ ਅਤੇ ਬੇਸਹਾਰਾ ਮਹਿਲਾਵਾਂ ਨੂੰ ਵਿੱਤੀ ਸਹਾਇਤਾ (ਐਫ ਏ ਡਬਲਿਊ ਡੀ ਡਬਲਿਊ); ਅਤੇ ਆਸ਼੍ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ (ਐਫ ਏ ਡੀ ਸੀ) ਨਾਲ ਸਬੰਧਤ ਬਜਟ ਅਤੇ ਖਰਚੇ ਦੇ ਵੇਰਵੇ ਸਾਰਣੀ 3.1 ਵਿੱਚ ਦਿੱਤੇ ਗਏ ਹਨ।

**ਸਾਰਣੀ 3.1: 2017-2021 (ਜੁਲਾਈ 2020 ਤੱਕ) ਦੇ ਸਮੇਂ ਦੌਰਾਨ ਤਿੰਨ ਚੁਣੀਆਂ ਗਈਆਂ ਸਕੀਮਾਂ ਅਧੀਨ ਬਜਟ ਅਤੇ ਖਰਚੇ ਦੇ ਵੇਰਵੇ**

*(₹ ਕਰੋੜ ਵਿੱਚ)*

| ਸਕੀਮ ਦਾ ਨਾਂਅ | ਸਾਲ | ਬਜਟ | ਖਰਚਾ | ਬੱਚਤਾਂ | ਬੱਚਤਾਂ ਦੀ ਪ੍ਰਤੀਸ਼ਤਤਾ |
|---|---|---|---|---|---|
| ਓ ਏ ਪੀ | 2017-18 | 1,230.45 | 687.34 | 543.11 | 44.14 |
| | 2018-19 | 1,185.70 | 1,179.04 | 6.66 | 0.56 |
| | 2019-20 | 1,402.30 | 1,399.26 | 3.04 | 0.22 |
| | 2020-21 (ਜੁਲਾਈ 2020 ਤੱਕ) | 1,558.11 | 629.93 | -- | -- |
| **ਜੋੜ** | | **5,376.56** | **3,895.57** | **--** | **--** |
| ਐਫ ਏ ਡਬਲਿਊ ਡੀ ਡਬਲਿਊ | 2017-18 | 221.22 | 197.95 | 23.27 | 10.52 |
| | 2018-19 | 338.84 | 336.02 | 2.82 | 0.83 |
| | 2019-20 | 389.70 | 388.58 | 1.12 | 0.29 |
| | 2020-21 (ਜੁਲਾਈ 2020 ਤੱਕ) | 428.06 | 172.65 | -- | -- |
| **ਜੋੜ** | | **1,377.82** | **1,095.20** | -- | -- |
| ਐਫ ਏ ਡੀ ਸੀ | 2017-18 | 78.11 | 68.66 | 9.45 | 12.10 |
| | 2018-19 | 117.00 | 114.51 | 2.49 | 2.13 |
| | 2019-20 | 132.70 | 132.13 | 0.57 | 0.43 |
| | 2020-21 (ਜੁਲਾਈ 2020 ਤੱਕ) | 145.71 | 58.07 | -- | -- |
| **ਜੋੜ** | | **473.52** | **373.37** | **--** | **--** |
| **ਕੁੱਲ ਜੋੜ** | | **7,227.90** | **5,364.14** | **--** | **--** |

*ਸ੍ਰੋਤ: ਵਿਭਾਗੀ ਡਾਟਾ*

ਸਾਰਣੀ 3.1 ਦਰਸਾਉਂਦੀ ਹੈ ਕਿ 2017-18 ਦੌਰਾਨ ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ₹ 1,529.78 ਕਰੋੜ ਦੀ ਰਿਲੀਜ਼ ਦੇ ਵਿਰੁੱਧ, ₹ 953.95 ਕਰੋੜ ਦਾ ਖਰਚਾ ਕੀਤਾ ਗਿਆ ਜਿਸ ਦੇ

ਨਤੀਜੇ ਵਜੋਂ ₹ 575.83 ਕਰੋੜ ਦੀ ਬੱਚਤ ਹੋਈ ਜੋ ਕਿ ਤਿੰਨ ਚੁਣੀਆਂ ਗਈਆਂ ਸਮਾਜਿਕ ਸੁੱਰਖਿਆ ਸਕੀਮਾਂ ਅਧੀਨ 11 *ਪ੍ਰਤੀਸ਼ਤ* ਅਤੇ 44 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਸੀ। ਜਦੋਂਕਿ ਲੇਖਾ ਪ੍ਰੀਖਿਆ ਨੇ ਵੇਖਿਆ ਕਿ ਅਪ੍ਰੈਲ 2017 ਤੋਂ ਜੁਲਾਈ 2020 ਦੇ ਸਮੇਂ ਦੌਰਾਨ ਰਾਜ ਸਰਕਾਰ ਦੁਆਰਾ ਇਨ੍ਹਾਂ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਚੋਖੇ ਫੰਡ ਮੁਹੱਈਆ ਕਰਵਾਏ ਗਏ ਸਨ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ 2017-18 ਦੌਰਾਨ ਫੰਡਾਂ ਦੀ ਘੱਟ ਵਰਤੋਂ ਹੋਣ ਦਾ ਕਾਰਣ ਰਾਜ ਸਰਕਾਰ ਦੁਆਰਾ ਅਯੋਗ ਲਾਭਪਾਤਰੀਆਂ ਦੀ ਪਛਾਣ ਕਰਨ ਲਈ ਸ਼ੁਰੂ ਕੀਤੀ ਗਈ ਜਾਂਚ ਦੀ ਪ੍ਰਕ੍ਰਿਆ ਨੂੰ ਦੱਸਿਆ (ਜੁਲਾਈ 2021)। ਵਿਭਾਗ ਦਾ ਉੱਤਰ ਮੰਨਣਯੋਗ ਨਹੀਂ ਸੀ ਕਿਉਂਜੋ ਲੇਖਾ ਪ੍ਰੀਖਿਆ ਨੇ ਵੇਖਿਆ ਕਿ 2017-18 ਦੌਰਾਨ ਫੰਡਾਂ ਦੀ ਉਪਲੱਬਧਤਾ ਦੇ ਬਾਵਜੂਦ, ਮਈ 2017 ਤੋਂ ਨਵੰਬਰ 2017 ਦੇ ਸਮੇਂ ਲਈ ਜਾਚ ਪ੍ਰਕ੍ਰਿਆ ਦੌਰਾਨ ਪਾਏ ਗਏ ਯੋਗ ਲਾਭਪਾਤਰੀਆਂ ਨੂੰ ਕੋਈ ਭੁਗਤਾਨ ਨਹੀਂ ਕੀਤਾ ਗਿਆ ਸੀ ਸਿਵਾਏ ਦਸ ਜ਼ਿਲ੍ਹਿਆਂ[1] ਦੇ ਨਗਰ ਨਿਗਮ (ਐਮ ਸੀ) ਖੇਤਰ ਵਿੱਚ ਰਹਿਣ ਵਾਲੇ ਲਾਭਪਾਤਰੀਆਂ ਦੇ, ਜਿਵੇਂ ਕਿ ਪੈਰ੍ਹਾ 3.9 ਵਿੱਚ ਚਰਚਾ ਕੀਤੀ ਗਈ ਹੈ। ਵਿਭਾਗ ਨੇ ਅੱਗੇ ਕਿਹਾ (ਜੁਲਾਈ 2021) ਕਿ ਜਾਂਚ ਪ੍ਰਕ੍ਰਿਆ ਵਿੱਚ ਯੋਗ ਪਾਏ ਗਏ ਲਾਭਪਾਤਰੀਆਂ ਨੂੰ ਭੁਗਤਾਨ ਲਈ ₹ 726.19 ਕਰੋੜ ਜਾਰੀ ਕਰਨ ਲਈ ਵਿੱਤ ਵਿਭਾਗ ਨੂੰ ਪਹੁੰਚ ਕੀਤੀ ਸੀ।

### *3.1.2 ਵਿੱਤੀ ਸਹਾਇਤਾ ਦੇ ਭੁਗਤਾਨ ਦਾ ਬੈਂਕਾਂ ਨਾਲ ਮਿਲਾਨ ਨਾ ਕਰਨਾ*

ਪੰਜਾਬ ਬਜਟ ਮੈਨੂਅਲ ਦੇ ਨਿਯਮ 12.3(3) ਵਿੱਚ ਵਿਵਸਥਾ ਹੈ ਕਿ ਮਹੀਨੇ ਦੌਰਾਨ ਖਜ਼ਾਨੇ/ਬੈਂਕ ਤੋਂ ਕੀਤੀ ਗਈ ਨਿਕਾਸੀ ਦੇ ਸਬੰਧ ਵਿੱਚ, ਵਿਭਾਗ ਦੁਆਰਾ ਖਜ਼ਾਨਾ ਅਫਸਰ (ਬੈਂਕ) ਦੇ ਦਸਤਖਤ ਲਈ ਨਿਰਧਾਰਤ ਫਾਰਮ ਵਿੱਚ ਇੱਕ ਸਰਟੀਫਿਕੇਟ ਤਿਆਰ ਕਰਨਾ ਲੋੜੀਂਦਾ ਹੈ ਜੋ ਕਿ ਉਸ ਕੋਲ ਅਗਲੇ ਮਹੀਨੇ ਦੀ ਦੋ ਤਰੀਕ ਤੱਕ ਪਹੁੰਚ ਸਕੇ। ਉੱਪਰ ਦੱਸੇ ਸਰਟੀਫੀਕੇਟ ਦੀ ਪ੍ਰਾਪਤੀ ਤੇ ਖਜ਼ਾਨਾ ਅਫਸਰ (ਬੈਂਕ) ਦਫਤਰ ਵਿੱਚ ਰੱਖੇ ਗਏ ਖਰਚਿਆਂ ਦੇ ਰਜਿਸਟਰ ਨਾਲ ਇੰਦਰਾਜਾਂ ਦੀ ਜਾਂਚ ਕਰੇਗਾ ਅਤੇ ਬਕਾਇਦਾ ਤਸਦੀਕ ਉਪਰੰਤ ਇਸ ਨੂੰ ਅਗਲੇ ਮਹੀਨੇ ਦੀ 5 ਤਰੀਕ ਤੱਕ ਸਬੰਧਤ ਦਫਤਰ ਦੇ ਮੁਖੀ ਨੂੰ ਵਾਪਸ ਕਰ ਦਿੱਤਾ ਜਾਵੇਗਾ।

ਛੇ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ ਰਿਕਾਰਡ ਦੀ ਪੜਤਾਲ ਨੇ ਦਰਸਾਇਆ ਕਿ ਉਕਤ ਨਿਯਮਾਂ ਦੀ ਉਲਘੰਣਾ ਵਿੱਚ ਅਪ੍ਰੈਲ 2017 ਤੋਂ ਜੁਲਾਈ 2020 ਤੱਕ ਦੇ ਸਮੇਂ ਦੌਰਾਨ ਚਾਰ ਜ਼ਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਸਬੰਧਤ ਡੀ ਐਸ ਐਸ ਓਜ਼ ਦੁਆਰਾ ਲਾਭਪਾਤਰੀਆਂ ਨੂੰ ਜਾਰੀ ਕੀਤੀ ਗਈ ₹ 758.40 ਕਰੋੜ[2] ਦੀ ਵਿੱਤੀ ਸਹਾਇਤਾ ਦੇ ਸਬੰਧ

---

[1] (i) ਗੁਰਦਾਸਪੁਰ (ਜੁਲਾਈ ਅਤੇ ਅਗਸਤ 2017 ਦੇ ਮਹੀਨਿਆਂ ਦਾ ਭੁਗਤਾਨ ਕੀਤਾ ਗਿਆ); (ii) ਅੰਮ੍ਰਿਤਸਰ; (iii) ਬਠਿੰਡਾ; (iv) ਹੁਸ਼ਿਆਰਪੁਰ; (v) ਜਲੰਧਰ; (vi) ਲੁਧਿਆਣਾ; (vii) ਮੋਗਾ; (viii) ਪਠਾਨਕੋਟ; (ix) ਫਗਵਾੜਾ; ਅਤੇ (x) ਐਸ ਏ ਐਸ ਨਗਰ (ਮਈ ਤੋਂ ਸਤੰਬਰ 2017 ਦੇ ਮਹੀਨਿਆਂ ਦਾ ਭੁਗਤਾਨ ਕੀਤਾ ਗਿਆ)।

[2] (i) ਪਟਿਆਲਾ (₹ 398.96 ਕਰੋੜ); (ii) ਰੂਪਨਗਰ (₹ 131.78 ਕਰੋੜ); (iii) ਐਸ ਏ ਐਸ ਨਗਰ (₹ 90.83 ਕਰੋੜ); (iv) ਐਸ ਬੀ ਐਸ ਨਗਰ (₹ 136.83 ਕਰੋੜ)।

ਵਿੱਚ ਸਬੰਧਤ ਬੈਂਕਾਂ ਨਾਲ ਮਿਲਾਨ ਨਹੀਂ ਕੀਤਾ ਗਿਆ ਸੀ। ਇਸ ਦੀ ਅਣਹੋਂਦ ਵਿੱਚ ਇਨ੍ਹਾਂ ਚਾਰ ਜ਼ਿਲ੍ਹਿਆਂ ਦੁਆਰਾ ਇਸ ਮੰਤਵ ਲਈ ਕੀਤੇ ਗਏ ਅਸਲ ਖਰਚੇ ਦੀ ਲੇਖਾ ਪ੍ਰੀਖਿਆ ਵਿੱਚ ਤਸਦੀਕ ਨਹੀਂ ਹੋ ਸਕੀ ਸੀ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਡੀ ਐਸ ਐਸ ਓਜ਼ ਨੂੰ ਪਾਲਣਾ ਲਈ ਜ਼ਰੂਰੀ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ। ਇਹ ਵੀ ਜੋੜਿਆ ਗਿਆ ਸੀ ਕਿ ਪਾਇਲਟ ਪ੍ਰੋਜੈਕਟ ਵੱਜੋਂ ਦੋ ਜ਼ਿਲ੍ਹਿਆਂ (ਸੰਗਰੂਰ ਅਤੇ ਰੂਪਨਗਰ) ਵਿੱਚ ਵਿੱਤੀ ਸਹਾਇਤਾ ਪੀ ਐਫ ਐਮ ਐਸ ਪੋਰਟਲ ਰਾਹੀ ਕੀਤੀ ਜਾ ਰਹੀ ਸੀ। ਇਸ ਦੇ ਬਾਅਦ, ਦਸੰਬਰ 2022 ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਪੀ ਐਫ ਐਮ ਐਸ ਲਾਗੂ ਹੋ ਜਾਵੇਗਾ ਅਤੇ ਮਿਲਾਨ ਨਾਲ ਸਬੰਧਤ ਮਾਮਲਾ ਹੱਲ ਹੋ ਜਾਵੇਗਾ। ਇਸ ਤਰ੍ਹਾਂ, ਤੱਥ ਬਰਕਰਾਰ ਰਿਹਾ ਕਿ ਵਿਭਾਗ ਵੱਲੋਂ *ਉਪਰੋਕਤ* ਕੋਡਲ ਉਪਬੰਧਾਂ ਨਾਲ ਪਾਲਣਾ ਨਹੀ ਕੀਤੀ ਜਾ ਰਹੀ ਸੀ।

## 3.2 ਡਾਇਰੈਕਟ ਬੈਨੀਫਿਟ ਟਰਾਂਸਫਰ ਢਾਂਚਾ

### *3.2.1 ਵਿਚੋਲੀਏ ਪੱਧਰ ਵਿੱਚ ਕਮੀ*

ਡਾਇਰੈਕਟ ਬੈਨੀਫਿਟ ਟਰਾਂਸਫਰ (ਡੀ ਬੀ ਟੀ) ਦਾ ਉਦੇਸ਼ ਕਾਰਜਕੁਸ਼ਲਤਾ, ਪ੍ਰਭਾਵਿਕਤਾ, ਪਾਰਦਰਸ਼ਤਾ ਲਿਆ ਕੇ ਵੱਖ-ਵੱਖ ਸਮਾਜ ਭਲਾਈ ਸਕੀਮਾਂ ਦੇ ਲਾਭਾਂ ਅਤੇ ਸਬਸਿਡੀਆਂ ਨੂੰ ਸਮੇਂ ਸਿਰ ਲਾਭਪਾਤਰੀ ਦੇ ਬੈਂਕ/ਡਾਕ ਖਾਤੇ ਵਿੱਚ ਟਰਾਂਸਫਰ ਕਰਨਾ; ਅਤੇ ਇਸ ਦੇ ਨਾਲ-ਨਾਲ ਵਿਚਕਾਰਲੀਆਂ ਮੌਜੂਦ ਪਰਤਾਂ ਨੂੰ ਵੀ ਹਟਾਉਣਾ ਅਤੇ ਕੋਈ ਵੀ ਵਿਚੋਲੀਏ ਖਾਤੇ/ਪਰਤਾਂ ਨਹੀਂ ਹੋਣਗੀਆਂ।

ਭਾਰਤ ਸਰਕਾਰ ਦੀ ਆਮ ਵਿੱਤੀ ਨਿਯਮਾਵਲੀ 2017, ਦੇ ਨਿਯਮ 87 ਅਨੁਸਾਰ "ਸੂਚਨਾ ਅਤੇ ਸੰਚਾਰ ਤਕਨੀਕ (ਆਈ ਟੀ ਸੀ) ਦੀ ਵਰਤੋਂ ਕਰਦੇ ਹੋਏ ਵੱਖ-ਵੱਖ ਸਰਕਾਰੀ ਸਕੀਮਾਂ ਅਤੇ ਪ੍ਰੋਗਰਾਮਾਂ ਅਧੀਨ ਲਾਭਾਂ ਦੀ ਟਰਾਂਸਫਰ ਸਿੱਧੀ ਲਾਭਪਾਤਰੀਆਂ ਨੂੰ ਕੀਤੀ ਜਾਣੀ ਚਾਹੀਦੀ ਹੈ। ਵਿਚੋਲੀਏ ਪੱਧਰਾਂ ਨੂੰ ਘੱਟ ਕਰਨ ਅਤੇ ਚੋਰੀ ਅਤੇ ਨਕਲ ਨੂੰ ਘੱਟ ਤੋਂ ਘੱਟ ਕਰਨ ਦੇ ਉਦੇਸ਼ ਨਾਲ ਚਿਤਵੇ ਲਾਭਪਾਤਰੀਆਂ ਨੂੰ ਭੁਗਤਾਨ ਵਿੱਚ ਦੇਰੀ ਨੂੰ ਘੱਟ ਕਰਨ ਲਈ ਜ਼ਰੂਰੀ ਮੁੜ-ਇੰਜਨੀਅਰਿੰਗ ਪ੍ਰਕ੍ਰਿਆ ਕੀਤੀ ਜਾਣੀ ਚਾਹੀਦੀ ਹੈ"।

ਪੰਜਾਬ ਸਰਕਾਰ (ਜੀ ਓ ਪੀ) ਨੇ ਫੈਸਲਾ ਕੀਤਾ (ਮਾਰਚ 2017) ਕਿ ਸਾਰੀਆਂ ਸਬਸਿਡੀਆਂ, ਪੈਨਸ਼ਨਾਂ ਅਤੇ ਹੋਰ ਗਰੀਬ ਪੱਖੀ ਸਕੀਮਾਂ ਜਿਵੇਂ ਕਿ ਆਸ਼ੀਰਵਾਦ, ਆਟਾ ਦਾਲ, ਆਦਿ ਡੀ ਬੀ ਟੀ ਰਾਹੀਂ ਅਸਲੀ ਲਾਭਪਾਤਰੀਆਂ ਵੱਲ ਸੇਧਿਤ ਕੀਤੀਆਂ ਜਾਣਗੀਆਂ। ਸਬੰਧਤ ਵਿਭਾਗ ਸਕੀਮਾਂ ਵਿੱਚ ਜ਼ਰੂਰੀ ਸੋਧਾਂ ਕਰਨਗੇ ਅਤੇ ਉਨ੍ਹਾਂ ਨੂੰ ਤੁਰੰਤ ਲਾਗੂ ਕਰਨ ਨੂੰ ਯਕੀਨੀ ਬਣਾਉਣਗੇ।

ਡੀ ਬੀ ਟੀ ਲਈ ਸਟੈਂਡਰਡ ਅਪਰੇਟਿੰਗ ਪ੍ਰੋਸੀਜ਼ਰ (ਐਸ ਓ ਪੀ) ਮੌਡਊਲਜ਼ ਅਨੁਸਾਰ ਡੀ ਬੀ ਟੀ ਰਾਹੀਂ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਲਾਭਾਂ ਦੇ ਨਕਦ ਟਰਾਂਸਫਰ ਦੀ ਪ੍ਰਕ੍ਰਿਆ ਦੀ ਤੁਲਨਾ

ਵਿੱਚ ਜੂਨ 2017 ਵਿੱਚ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਰਾਜ ਸਰਕਾਰ ਦੁਆਰਾ ਅਪਣਾਈ ਜਾ ਰਹੀ ਪ੍ਰਕ੍ਰਿਆ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| ਡੀ ਬੀ ਟੀ ਦੇ ਐਸ ਓ ਪੀ ਮਾਡਿਊਲ ਦੇ ਅਨੁਸਾਰ | ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ (ਜੂਨ 2017) ਤੋਂ ਪਹਿਲਾਂ | ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ (ਜੂਨ 2017) ਤੋਂ ਬਾਅਦ |
|---|---|---|
| ਵਿੱਤ ਵਿਭਾਗ (ਡੀ ਐਸ ਐਸ ਡਬਲਿਊ ਸੀ ਡੀ ਨੂੰ ਬਜਟ ਵੰਡ) | ਵਿੱਤ ਵਿਭਾਗ (ਡੀ ਐਸ ਐਸ ਡਬਲਿਊ ਸੀ ਡੀ ਨੂੰ ਬਜਟ ਵੰਡ) | |
| ਡੀ ਐਸ ਐਸ ਡਬਲਿਊ ਸੀ ਡੀ (ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀਆਂ (ਡੀ ਐਸ ਐਸ ਓਜ਼) ਨੂੰ ਬਜਟ ਵੰਡ) | ਡੀ ਐਸ ਐਸ ਡਬਲਿਊ ਸੀ ਡੀ (ਡੀ ਐਸ ਐਸ ਓਜ਼ ਨੂੰ ਬਜਟ ਵੰਡ) | |
| ਜਨਤਕ ਵਿੱਤੀ ਪ੍ਰਬੰਧਨ ਪ੍ਰਣਾਲੀ (ਪੀ ਐਫ ਐਮ ਐਸ)/ਰਾਜ ਸਰਕਾਰ ਦੁਆਰਾ ਅਪਣਾਈ ਗਈ ਹੋਰ ਭੁਗਤਾਨ ਪ੍ਰਣਾਲੀ ਵਿੱਚ ਪੇਮੈਂਟ ਫਾਈਲ ਨਿਰਦੇਸ਼ ਬਣਾਉਣਾ ਅਤੇ ਲਾਭਪਾਤਰੀ ਦੇ ਬੈਂਕ ਖਾਤੇ ਵਿੱਚ ਸਿੱਧਾ ਭੁਗਤਾਨ ਕਰਨਾ (ਡੀ ਐਸ ਐਸ ਓਜ਼) | ਡੀ ਐਸ ਐਸ ਓਜ਼ (ਖਜ਼ਾਨੇ ਵਿੱਚ ਮਹੀਨਾਵਾਰ ਬਿਲ ਪੇਸ਼ ਕਰਨੇ) | |
| - | ਜ਼ਿਲ੍ਹਾ ਖਜ਼ਾਨਾ ਅਫਸਰ (ਬਿਲ ਪਾਸ ਕਰਨਾ ਅਤੇ ਇਲੈਕਟ੍ਰੋਨਿਕ ਕਲੀਅਰਿੰਗ ਸਿਸਟਮ ਰਾਹੀਂ ਫੰਡ ਡੀ ਐਸ ਐਸ ਓਜ਼ ਦੇ ਮਨੋਨੀਤ ਬੈਂਕ ਖਾਤੇ ਵਿੱਚ ਜਮ੍ਹਾਂ ਕਰਨਾ) | |
| - | ਡੀ ਐਸ ਐਸ ਓ (ਪੇਂਡੂ ਖੇਤਰਾਂ ਦੇ ਲਾਭਪਾਤਰੀਆਂ ਲਈ ਗ੍ਰਾਮ ਪੰਚਾਇਤ ਦੇ ਬੈਂਕ ਖਾਤੇ ਵਿੱਚ ਫੰਡ ਟਰਾਂਸਫਰ ਕੀਤੇ ਗਏ; ਅਤੇ ਸ਼ਹਿਰੀ ਖੇਤਰਾਂ ਦੇ ਲਾਭਪਾਤਰੀਆਂ ਲਈ ਡੀ ਐਸ ਐਸ ਓ ਦੇ ਬੈਂਕ ਖਾਤੇ ਤੋਂ ਲਾਭ ਟਰਾਂਸਫਰ ਕੀਤੇ ਗਏ) | ਡੀ ਐਸ ਐਸ ਓ (ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਲਾਭ ਟਰਾਂਸਫਰ ਕੀਤਾ ਗਿਆ) |
| - | ਗ੍ਰਾਮ ਪੰਚਾਇਤ (ਪੇਂਡੂ ਖੇਤਰਾਂ ਵਿੱਚ ਜੀ ਪੀ/ਪੰਚਾਇਤ ਸਕੱਤਰ ਦੁਆਰਾ ਲਾਭਪਾਤਰੀਆਂ ਨੂੰ ਰਾਸ਼ੀ ਵੰਡੀ ਗਈ) | - |

ਨੋਟੀਫਿਕੇਸ਼ਨ ਤੋਂ ਬਾਅਦ (ਜੂਨ 2017), ਸਮਾਜਿਕ ਸੁਰੱਖਿਆ ਅਤੇ ਮਹਿਲਾਵਾਂ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਦੀਆਂ ਚੁਣੀਆਂ ਗਈਆਂ ਸਕੀਮਾਂ ਅਧੀਨ ਲਾਭਪਾਤਰੀ ਦੀ ਪਛਾਣ, ਦਾਖਲਾ ਅਤੇ ਫੰਡ ਟਰਾਂਸਫਰ ਵਿੱਚ ਸ਼ਾਮਲ ਕਦਮ ਹੇਠ ਲਿਖੇ ਅਨੁਸਾਰ ਹਨ:

- ਬਿਨੈਕਾਰ, ਲੋੜੀਂਦੇ ਵੇਰਵਿਆਂ ਦੇ ਨਾਲ ਸਹਾਇਕ ਦਸਤਾਵੇਜ਼ ਮੁੱਹਈਆ ਕਰਕੇ ਪੈਨਸ਼ਨ/ ਵਿੱਤੀ ਸਹਾਇਤਾ ਦੀ ਮਨਜ਼ੂਰੀ ਲਈ ਜਾਂ ਤਾਂ ਸੇਵਾ ਕੇਂਦਰ (ਐਸ ਕੇ) ਜਾਂ ਸਿੱਧੇ ਬਾਲ ਵਿਕਾਸ ਪ੍ਰੋਜੈਕਟ ਅਧਿਕਾਰੀ (ਸੀ ਡੀ ਪੀ ਓ) ਨੂੰ ਉਸਦਾ/ਉਸਦੀ ਬੇਨਤੀ ਭੇਜਦਾ ਹੈ। ਡਾਟੇ ਦਾ ਸੇਵਾ ਕੇਂਦਰ ਅਪਰੇਟਰ ਵੱਲੋਂ ਈ-ਡਿਸਟ੍ਰਿਕਟ ਪੋਰਟਲ ਵਿੱਚ ਇੰਦਰਾਜ਼ ਕੀਤਾ ਜਾਂਦਾ ਹੈ। ਅਪਰੇਟਰ ਰਜਿਸਟ੍ਰੇਸ਼ਨ ਤੋਂ ਬਾਅਦ ਬਿਨੈਕਾਰ ਨੂੰ ਆਪਣੇ ਦਸਤਖਤਾ ਅਧੀਨ ਈ-ਡਿਸਟ੍ਰਿਕਟ ਪੋਰਟਲ ਦੁਆਰਾ ਤਿਆਰ ਕੀਤੀ ਪ੍ਰਾਪਤੀ ਰਸੀਦ ਨੰਬਰ ਸੌਂਪਦਾ ਹੈ।

- ਇਸਦੇ ਬਾਅਦ, ਸੀ ਡੀ ਪੀ ਓ ਕ੍ਰਮਵਾਰ ਈ-ਡਿਸਟ੍ਰਿਕਟ ਪੋਰਟਲ ਅਤੇ ਆਫਲਾਈਨ (ਮੈਨੂਅਲ ਅਰਜ਼ੀਆਂ) ਰਾਹੀ ਜਾਂਚ ਲਈ ਈ-ਡਿਸਟ੍ਰਿਕਟ ਪੋਰਟਲ ਦੇ ਨਾਲ ਨਾਲ ਬਿਨੈਕਾਰਾਂ ਤੋਂ ਸਿੱਧੇ ਪ੍ਰਾਪਤ ਕੀਤੇ ਸਾਰੇ ਪ੍ਰਾਥਨਾ ਪੱਤਰਾਂ ਨੂੰ ਅੱਗੇ ਡੀ ਐਸ ਐਸ ਓ ਨੂੰ ਭੇਜਣ ਲਈ ਪ੍ਰਕ੍ਰਿਆ ਕਰਦਾ ਹੈ।
- ਡੀ ਐਸ ਐਸ ਓ ਈ-ਡਿਸਟ੍ਰਿਕਟ ਪੋਰਟਲ ਅਤੇ ਆਫਲਾਈਨ ਮੋਡ (ਸੀ ਡੀ ਪੀ ਓ ਵੱਲੋਂ ਅੱਗੇ ਭੇਜਿਆ ਗਿਆ) ਰਾਹੀ ਕਾਰਵਾਈ ਕੀਤੇ ਗਏ ਬਿਨੈਕਾਰਾਂ ਦੇ ਵੇਰਵਿਆਂ ਦੀ ਮੁੜ-ਜਾਂਚ ਕਰਨ ਤੋਂ ਬਾਅਦ ਪੈਨਸ਼ਨ ਮਨਜ਼ੂਰ ਕਰਦਾ ਹੈ। ਈ-ਡਿਸਟ੍ਰਿਕਟ ਪੋਰਟਲ ਰਾਹੀ ਕਾਰਵਾਈ ਕੀਤੀਆਂ ਅਰਜ਼ੀਆਂ ਲਈ ਬਿਨੈਕਾਰ ਨੂੰ ਇੱਕ ਐਸ ਐਮ ਐਸ ਅਲਰਟ ਭੇਜਿਆ ਜਾਂਦਾ ਹੈ ਅਤੇ ਸੀ ਡੀ ਪੀ ਓ ਵੱਲੋਂ ਆਫਲਾਈਨ ਪ੍ਰਾਪਤ ਕੀਤੀਆਂ ਅਰਜ਼ੀਆਂ ਇਸ ਪੜਾਅ ਤੇ ਪੀ ਬੀ ਐਮ ਐਸ ਵਿੱਚ ਦਰਜ਼ ਕੀਤੀਆਂ ਜਾਂਦੀਆਂ ਹਨ। ਬਾਅਦ ਵਿੱਚ, ਈ-ਡਿਸਟ੍ਰਿਕਟ ਪੋਰਟਲ ਰਾਹੀ ਜਾਂਚ ਕੀਤਾ ਗਿਆ ਡਾਟਾ ਪੀ ਬੀ ਐਮ ਐਸ ਵਿੱਚ ਭੇਜਿਆ ਜਾਂਦਾ ਹੈ।
- ਪੀ ਬੀ ਐਮ ਐਸ ਵਿੱਚ ਰੱਖੇ ਗਏ ਡਾਟਾਬੇਸ ਵਿੱਚੋਂ ਕੱਢੇ ਗਏ ਯੋਗ ਲਾਭਪਾਤਰੀਆਂ ਦੇ ਆਧਾਰ ਤੇ, ਡੀ ਐਸ ਐਸ ਓ ਡਾਇਰੈਕਟੋਰੇਟ ਪੱਧਰ ਤੇ ਜਰੂਰੀ ਬਜਟ ਉਪਬੰਧ ਨੂੰ ਯਕੀਨੀ ਬਣਾਉਣ ਤੋਂ ਬਾਅਦ 'ਇੰਟੀਗ੍ਰੇਟਡ ਵਿੱਤੀ ਪ੍ਰਬੰਧਨ ਪ੍ਰਣਾਲੀ' (ਆਈ ਐਫ ਐਮ ਐਸ) ਰਾਹੀ ਇੱਕਠੀ ਰਾਸ਼ੀ ਦਾ ਬਿਲ ਜ਼ਿਲ੍ਹਾ ਖਜ਼ਾਨੇ ਨੂੰ ਭੇਜਦਾ ਹੈ ਅਤੇ ਸਬੰਧਤ ਬਿਲਾਂ ਦੇ ਪਾਸ ਹੋਣ ਤੋਂ ਬਾਅਦ ਫੰਡ ਡੀ ਐਸ ਐਸ ਓ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਕੀਤੇ ਜਾਂਦੇ ਹਨ।
- ਡੀ ਐਸ ਐਸ ਓ ਤਦ ਈ-ਮੇਲ/ਸੀ ਡੀ ਰਾਹੀ ਪੀ ਬੀ ਐਮ ਐਸ ਵੱਲੋਂ ਤਿਆਰ ਕੀਤੀ ਐਕਸਲ ਫਾਈਲ ਵਿੱਚ ਲਾਭਪਾਤਰੀਆਂ ਦੀ ਸੂਚੀ ਦੇ ਨਾਲ ਸਹਾਇਤਾ ਰਾਸ਼ੀ ਮਨੋਨੀਤ ਬੈਂਕਾਂ ਨੂੰ ਭੇਜਦਾ ਹੈ। ਬਾਅਦ ਵਿੱਚ, ਬੈਂਕ ਸਿੱਧਾ ਲਾਭਪਾਤਰੀਆਂ ਨੂੰ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਪੈਨਸ਼ਨ/ਵਿੱਤੀ ਸਹਾਇਤਾ ਦਾ ਭੁਗਤਾਨ ਕਰਦਾ ਹੈ ਅਤੇ ਸਬੰਧਤ ਡੀ ਐਸ ਐਸ ਓਜ਼ ਨਾਲ ਈ-ਮੇਲ ਰਾਹੀ ਐਕਸਲ ਫਾਈਲ ਵਿੱਚ ਅਸਫਲ ਹੋਏ ਕਾਰਵਿਹਾਰਾਂ ਨਾਲ ਸਬੰਧਤ ਅਸਫਲਤਾ ਦੇ ਕਾਰਨਾ ਸਮੇਤ ਡਾਟਾ ਸਾਂਝਾ ਕਰਦਾ ਹੈ।

ਲੇਖਾ ਪ੍ਰੀਖਿਆ ਨੇ ਇਸ ਫੈਸਲੇ (ਮਾਰਚ 2017) ਅਤੇ ਨੋਟੀਫਿਕੇਸ਼ਨ (ਜੂਨ 2017) ਦੇ ਬਾਵਜੂਦ ਵੇਖਿਆ:

- ਵਿਭਾਗ ਵੱਲੋਂ ਲਾਗੂ ਕੀਤੀ ਗਈ ਪ੍ਰਣਾਲੀ ਡੀ ਬੀ ਟੀ ਢਾਂਚੇ ਦੀ ਭਾਵਨਾ ਦੇ ਅਨੁਰੂਪ ਨਹੀਂ ਸੀ ਜਿਸ ਨਾਲ ਲਾਭਪਾਤਰੀਆਂ ਨੂੰ ਸਿੱਧੇ ਹੀ ਲਾਭ ਟਰਾਂਸਫਰ ਹੋਣੇ ਚਾਹੀਦੇ ਹਨ। ਪ੍ਰਕ੍ਰਿਆ ਨੂੰ ਲਾਭ ਟਰਾਂਸਫਰ ਕਿਹਾ ਜਾ ਸਕਦਾ ਹੈ ਪ੍ਰੰਤੂ 'ਸਿੱਧੇ' ਲਾਭ ਟਰਾਂਸਫਰ ਨਹੀਂ। ਲੇਖਾ ਪ੍ਰੀਖਿਆ ਦੀ ਰਾਏ ਵਿੱਚ ਇੱਕ ਵਾਰ ਜਦੋਂ ਯੋਗ ਲਾਭਪਾਤਰੀਆਂ ਦੀ ਅੱਪ-ਟੂ-ਡੇਟ ਸੂਚੀ ਦਾ ਪੀ ਬੀ ਐਮ ਐਸ ਵਿੱਚ ਰੱਖ ਰਖਾਵ ਅਤੇ ਪ੍ਰਬੰਧਨ ਕੀਤਾ ਜਾਂਦਾ ਹੈ ਅਤੇ (ਸਾਰੀਆਂ ਜ਼ਰੂਰੀ ਪ੍ਰਮਾਣਿਕਤਾਵਾਂ/ਤਸਦੀਕਣਾਂ ਸਮੇਤ) ਬਿੱਲ (ਜਾਂ ਘੱਟ ਤੋਂ ਘੱਟ ਬਿਲ ਲਈ ਵਿਸਥਾਰਤ ਵਿਵਰਣੀ) ਪੀ ਬੀ ਐਮ ਐਸ ਤੋਂ ਆਪਣੇ ਆਪ ਤਿਆਰ ਹੋਣਾ ਚਾਹੀਦਾ ਹੈ, ਅਤੇ ਆਈ ਐਫ ਐਮ ਐਸ ਤੋਂ ਭੁਗਤਾਨ ਸਿੱਧਾ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਜਾਣਾ ਚਾਹੀਦਾ ਹੈ

ਅਤੇ ਨਾ ਕਿ ਡੀ ਐਸ ਐਸ ਓ ਦੇ ਬੈਂਕ ਖਾਤਿਆਂ ਰਾਹੀ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੇ ਭੁਗਤਾਨ ਵਿੱਚ ਸਮੇਂ ਤੋਂ ਪਛੜਨਾ/ਦੇਰੀ ਤੋਂ ਇਲਾਵਾ ਐਮ ਐਸ ਐਕਸਲ ਸਪੈਰਡਸ਼ੀਟਾਂ ਦੀ ਵਰਤੋਂ ਕਰਨਾ ਜਿਹੜੀਆਂ ਗਲਤੀ ਜਾਂ ਹੇਰਾਫੇਰੀ ਲਈ ਖੁੱਲੀਆਂ ਹਨ, ਜਿਵੇਂ ਕਿ ਪੈਰ੍ਹਾ 3.10 (ii) ਵਿੱਚ ਚਰਚਾ ਕੀਤੀ ਗਈ ਹੈ। ਕੁੱਝ ਰਾਜ ਹੋਰ ਅੱਗੇ ਚਲੇ ਗਏ ਹਨ ਅਤੇ ਬੁਢਾਪਾ ਪੈਨਸ਼ਨਾਂ ਦੇ ਭੁਗਤਾਨ ਕਰਨ ਲਈ ਇੱਕ ਡੀ ਡੀ ਓ ਪ੍ਰਣਾਲੀ ਲਾਗੂ ਕੀਤੀ ਜਿਸ ਨਾਲ ਰਾਜ ਦੇ ਪੈਨਸ਼ਨ ਬਿਲਾਂ ਦੀ ਪੂਰੀ ਉਤਪਤੀ ਕੇਂਦਰੀ ਤੌਰ ਤੇ ਕੀਤੀ ਜਾਂਦੀ ਹੈ ਅਤੇ ਕੇਂਦਰੀ ਤੌਰ ਤੇ ਇੱਕ ਖਜ਼ਾਨੇ ਨੂੰ ਪੇਸ਼ ਕੀਤਾ ਜਾਂਦਾ ਹੈ; ਇਹ ਅੱਗੇ ਮੈਨੂਅਲ ਦਖਲਅੰਦਾਜੀ ਨੂੰ ਘੱਟ ਤੋਂ ਘੱਟ ਕਰਦਾ ਹੈ।

- ਡੀ ਬੀ ਟੀ ਰਾਹੀਂ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਵਿੱਤੀ ਸਹਾਇਤਾ ਵੰਡਣ ਵਿੱਚ ਵਿਭਾਗ ਸਿਰਫ ਇਕ ਵਿਚੋਲੀਏ ਪੱਧਰ ਨੂੰ ਘੱਟ ਕਰ ਸਕਿਆ ਸੀ (ਗ੍ਰਾਮ ਪੰਚਾਇਤ ਦੇ ਬੈਂਕ ਖਾਤੇ ਦੁਆਰਾ ਭੁਗਤਾਨ)।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਦਸੰਬਰ 2022 ਦੇ ਅੰਤ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਪੀ ਐਫ ਐਮ ਐਸ ਨੂੰ ਅਪਣਾਉਣ ਤੋਂ ਬਾਅਦ ਸਾਰੇ ਵਿਚੋਲੀਏ ਪੱਧਰ ਸਮਾਪਤ ਹੋ ਜਾਣਗੇ ਅਤੇ ਵਿੱਤੀ ਸਹਾਇਤਾ ਦਾ ਡੀ ਬੀ ਟੀ ਢਾਂਚੇ ਅਨੁਸਾਰ ਭੁਗਤਾਨ ਹੋਵੇਗਾ। ਸਿੱਧੇ ਭੁਗਤਾਨਾਂ ਲਈ ਪੀ ਐਫ ਐਮ ਐਸ ਨੂੰ ਅਪਣਾਉਣ ਦੀ ਭੱਵਿਖ ਦੀਆਂ ਲੇਖਾ ਪ੍ਰੀਖਿਆ ਵਿੱਚ ਸਮੀਖਿਆ ਕੀਤੀ ਜਾਵੇਗੀ।

### *3.2.2 ਲਾਭਪਾਤਰੀਆਂ ਦੇ ਬੈਂਕ ਖਾਤਿਆਂ ਨਾਲ ਅਧਾਰ ਸੀਡਿੰਗ*

ਤਕਨਾਲੋਜੀ ਦੇ ਪ੍ਰਭਾਵਸ਼ਾਲੀ ਉਪਯੋਗ ਦੁਆਰਾ ਜਨਤਕ ਸੇਵਾ ਪ੍ਰਦਾਨ ਕਰਨ ਵਿੱਚ ਵਧੇਰੇ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਆਧਾਰ ਅਧਾਰਤ ਡੀ ਬੀ ਟੀ ਇੱਕ ਮਹੱਤਵਪੂਰਣ ਸ਼ਾਸਨ ਸੁਧਾਰ ਹੈ। ਰਾਜਾਂ ਵਿੱਚ ਡੀ ਬੀ ਟੀ ਲਈ ਪ੍ਰੋਟੋਕੋਲ ਦਸਤਾਵੇਜ਼ ਵੀ ਲਾਭਪਾਤਰੀਆਂ ਦੇ ਡਿਜੀਟਾਈਜ਼ੇਸ਼ਨ ਭਾਵ ਕਿ ਲਾਭਪਾਤਰੀਆਂ ਦੇ ਡਾਟਾਬੇਸ ਦੀ ਵੈਲੀਡੇਟਿਡ 'ਆਧਾਰ' ਸੀਡਿੰਗ ਦੀ ਵਿਵਸਥਾ ਕਰਦਾ ਹੈ ਤਾਂ ਜੋ ਲਾਭ ਸਿੱਧਾ ਲਾਭਪਾਤਰੀਆਂ ਦੇ ਬੈਂਕ ਖਾਤੇ, ਤਰਜੀਹੀ ਤੌਰ ਤੇ ਆਧਾਰ ਨਾਲ ਜੁੜੇ ਹੋਏ ਬੈਂਕ ਖਾਤੇ, ਵਿੱਚ ਟਰਾਂਸਫਰ ਕੀਤਾ ਜਾ ਸਕੇ।

ਨਮੂਨਾ ਜਾਂਚ ਕੀਤੇ ਗਏ ਛੇ ਜ਼ਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਕੀਮਾਂ ਭਾਵ ਓ ਏ ਪੀ, ਐਫ ਏ ਡਬਲਿਊ ਡੀ ਡਬਲਿਊ ਅਤੇ ਐਫ ਏ ਡੀ ਸੀ ਦੇ ਸਬੰਧ ਵਿੱਚ ਡਾਟਾਬੇਸ ਦੀ ਪੜਤਾਲ ਨੇ ਦਰਸਾਇਆ ਕਿ 5.87 ਲੱਖ ਲਾਭਪਾਤਰੀਆਂ ਦੇ ਵੇਰਵਿਆਂ ਦੇ ਡਿਜੀਟਾਈਜ਼ੇਸ਼ਨ ਦੇ ਵਿਰੁੱਧ ਜੁਲਾਈ 2020 ਤੱਕ 5.41 ਲੱਖ (92.16 *ਪ੍ਰਤੀਸ਼ਤ*) ਲਾਭਪਾਤਰੀਆਂ ਦੇ ਆਧਾਰ ਨੰਬਰ ਹਾਸਲ ਕੀਤੇ ਗਏ ਸਨ, ਜਿਵੇਂ ਕਿ, **ਸਾਰਣੀ 3.2** ਵਿੱਚ ਵੇਰਵਾ ਦਿੱਤਾ ਗਿਆ ਹੈ। ਜਦੋਂਕਿ ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਦੇ ਡੀ ਐਸ ਐਸ ਓਜ਼ ਕੋਲ ਲਾਭਪਾਤਰੀਆਂ ਦੇ ਆਧਾਰ ਨਾਲ ਜੁੜੇ ਬੈਂਕ ਖਾਤਿਆਂ ਵਿੱਚ ਸਿੱਧੀ ਵਿੱਤੀ ਸਹਾਇਤਾ ਦੇ ਟਰਾਂਸਫਰ ਹੋਣ ਨੂੰ ਯਕੀਨੀ ਬਣਾਉਣ ਲਈ

ਲਾਭਪਾਤਰੀਆਂ ਦੇ ਬੈਂਕ ਖਾਤਿਆਂ ਨਾਲ ਆਧਾਰ ਸੀਡਿੰਗ ਸਬੰਧੀ ਕੋਈ ਮੈਕਾਨਿਜ਼ਮ/ ਜਾਣਕਾਰੀ ਨਹੀਂ ਸੀ।

**ਸਾਰਣੀ 3.2 : ਨਮੂਨਾ ਜਾਂਚ ਕੀਤੇ ਗਏ ਛੇ ਜ਼ਿਲ੍ਹਿਆਂ ਵਿੱਚ ਚੁਣੀਆਂ ਗਈਆਂ ਸਕੀਮਾਂ ਵਿੱਚ ਡਿਜੀਟਾਈਜ਼ ਕੀਤੇ ਗਏ ਲਾਭਪਾਤਰੀਆਂ ਦੀ ਤੁਲਨਾ ਵਿੱਚ ਹਾਸਲ ਕੀਤੇ ਆਧਾਰ ਨੰਬਰਾਂ ਦੇ ਵੇਰਵੇ**

*(ਗਿਣਤੀ ਲੱਖ ਵਿੱਚ)*

| ਲੜੀ ਨੰ. | ਜ਼ਿਲ੍ਹੇ ਦਾ ਨਾਂਅ | ਓ ਏ ਪੀ | | ਐਫ ਏ ਡਬਲਿਊ ਡੀ ਡਬਲਿਊ | | ਐਫ ਏ ਡੀ ਸੀ | | ਜੋੜ | | |
|---|---|---|---|---|---|---|---|---|---|---|
| | | ਡਿਜੀਟਾਈਜ਼ ਕੀਤੇ ਗਏ ਲਾਭਪਾਤਰੀ | ਆਧਾਰ ਹਾਸਲ ਕੀਤਾ ਗਿਆ | ਡਿਜੀਟਾਈਜ਼ ਕੀਤੇ ਗਏ ਲਾਭਪਾਤਰੀ | ਆਧਾਰ ਹਾਸਲ ਕੀਤਾ ਗਿਆ | ਡਿਜੀਟਾਈਜ਼ ਕੀਤੇ ਗਏ ਲਾਭਪਾਤਰੀ | ਆਧਾਰ ਹਾਸਲ ਕੀਤਾ ਗਿਆ | ਡਿਜੀਟਾਈਜ਼ ਕੀਤੇ ਗਏ ਲਾਭਪਾਤਰੀ | ਆਧਾਰ ਹਾਸਲ ਕੀਤਾ ਗਿਆ | ਪ੍ਰਤੀਸ਼ਤਤਾ |
| 1. | ਫਤਿਹਗੜ੍ਹ ਸਾਹਿਬ | 0.36 | 0.35 | 0.11 | 0.11 | 0.02 | 0.02 | 0.49 | 0.48 | 97.96 |
| 2. | ਲੁਧਿਆਣਾ | 1.50 | 1.41 | 0.50 | 0.44 | 0.08 | 0.08 | 2.08 | 1.93 | 92.79 |
| 3. | ਪਟਿਆਲਾ | 1.29 | 1.13 | 0.34 | 0.29 | 0.07 | 0.06 | 1.70 | 1.48 | 87.06 |
| 4. | ਰੂਪਨਗਰ | 0.41 | 0.38 | 0.13 | 0.12 | 0.03 | 0.03 | 0.57 | 0.53 | 92.98 |
| 5. | ਐਸ ਏ ਐਸ ਨਗਰ | 0.31 | 0.29 | 0.11 | 0.10 | 0.03 | 0.03 | 0.45 | 0.42 | 93.33 |
| 6. | ਐਸ ਬੀ ਐਸ ਨਗਰ | 0.41 | 0.40 | 0.14 | 0.14 | 0.03 | 0.03 | 0.58 | 0.57 | 98.28 |
| **ਜੋੜ** | | **4.28** | **3.96** | **1.33** | **1.20** | **0.26** | **0.25** | **5.87** | **5.41** | **92.16** |

*ਸ੍ਰੋਤ: ਵਿਭਾਗੀ ਡਾਟਾ*

ਇਸ ਤਰ੍ਹਾਂ, ਪੀ ਐਫ ਐਮ ਐਸ/ ਰਾਜ ਖਜ਼ਾਨਾ ਲੇਖੇ ਰਾਹੀ ਭੁਗਤਾਨ ਫਾਈਲਾਂ ਦੇ ਨਿਰਦੇਸ਼ਾਂ ਨੂੰ ਤਿਆਰ ਕਰਕੇ ਲਾਭਪਾਤਰੀ ਦੇ ਅਧਾਰ ਨਾਲ ਜੁੜੇ ਬੈਂਕ ਖਾਤੇ ਵਿੱਚ ਲਾਭ ਦੇ ਸਿੱਧੇ ਟਰਾਂਸਫਰ ਦੀ ਪ੍ਰਣਾਲੀ ਨੂੰ ਨਾ ਅਪਣਾਉਣ ਦੇ ਕਾਰਣ ਅਯੋਗ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਲੀਕੇਜ਼ ਦੀ ਸੰਭਾਵਨਾ ਤੋਂ ਇਲਾਵਾ ਅਸਲ ਲਾਭਪਾਤਰੀਆਂ ਨੂੰ ਡੀ ਬੀ ਟੀ ਸਕੀਮਾਂ ਅਧੀਨ ਵਿੱਤੀ ਸਹਾਇਤਾ ਦੇ ਭੁਗਤਾਨ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਦਾ ਸੀ।

ਐਗਜ਼ਿਟ ਕਾਨਫਰੰਸ ਦੌਰਾਨ ਡਾਇਰੈਕਟਰ ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਸ਼ਾਮਲ ਕੀਤੇ ਬਾਕੀ ਲਾਭਪਾਤਰੀਆਂ ਦੇ ਅਧਾਰ ਨੰਬਰ ਹਾਸਲ ਕਰਨ ਲਈ ਸਖਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਅੱਗੇ ਇਹ ਵੀ ਕਿਹਾ ਗਿਆ ਸੀ (ਸਤੰਬਰ 2021) ਕਿ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਲਾਭ ਲੈਣ ਲਈ ਆਧਾਰ ਨੰਬਰ ਲਾਜ਼ਮੀ ਨਹੀ ਸੀ। ਪ੍ਰੰਤੂ, ਸਾਰੇ ਜ਼ਿਲ੍ਹਿਆਂ ਵਿੱਚ ਪੀ ਐਫ ਐਮ ਐਸ ਅਪਣਾਉਣ ਅਤੇ 100 *ਪ੍ਰਤੀਸ਼ਤ* ਆਧਾਰ ਨੰਬਰ ਹਾਸਲ ਕਰਨ ਤੋਂ ਬਾਅਦ ਆਧਾਰ ਨਾਲ ਜੁੜੇ ਬੈਂਕ ਖਾਤਿਆਂ ਰਾਹੀ ਭੁਗਤਾਨ ਤੇ ਵਿਚਾਰ ਕੀਤਾ ਜਾਵੇਗਾ।

## 3.3 ਵਿਰਾਸਤੀ ਡਾਟੇ ਦੀ ਮਾਈਗ੍ਰੇਸ਼ਨ

ਪੈਨਸ਼ਨ ਬੈਨੇਫੀਸ਼ਿਅਰੀ ਮਨੇਜਮੈਂਟ ਸਿਸਟਮ[3] (ਪੀ ਬੀ ਐਮ ਐਸ) ਸਾਲ 2015 ਵਿੱਚ ਕਾਰਜਸ਼ੀਲ ਹੋ ਗਿਆ ਸੀ ਅਤੇ ਸ਼ਾਸਨ ਸੁਧਾਰ ਤੇ ਜਨਤਕ ਸ਼ਿਕਾਇਤਾਂ ਵਿਭਾਗ (ਡੀ ਜੀ ਆਰ ਪੀ ਜੀ)

[3] ਪੰਜਾਬ ਰਾਜ ਵਿੱਚ ਲਾਗੂ ਕੀਤੀਆਂ ਜਾਂ ਰਹੀਆਂ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧ ਵਿੱਚ ਲਾਭਪਾਤਰੀਆਂ ਦੇ ਵੇਰਵੇ ਹਾਸਲ ਕਰਨ ਲਈ ਤਿਆਰ ਕੀਤਾ ਗਿਆ ਇੱਕ ਵੈਬ-ਅਧਾਰਤ ਐਪਲੀਕੇਸ਼ਨ/ਸੋਟਫਵੇਅਰ ।

ਦੁਆਰਾ ਸਮੁੱਚੇ ਰਾਜ ਦੇ ਸਬੰਧ ਵਿੱਚ ਸਮਾਜਿਕ ਸੁਰੱਖਿਆ ਸਕੀਮਾਂ ਦੇ ਲਾਭਪਾਤਰੀਆਂ ਦਾ ਸਾਲ 2018 ਤੱਕ ਪਿਛੋਂ ਸਾਰਾ ਵਿਰਾਸਤੀ ਡਾਟਾ ਪੀ ਬੀ ਐਮ ਐਸ ਵਿੱਚ ਪੋਰਟ ਕਰ ਲਿਆ ਗਿਆ ਸੀ। ਪ੍ਰੰਤੂ ਇਹ ਵੇਖਿਆ ਗਿਆ ਸੀ ਕਿ ਨਾ ਤਾਂ ਵਿਰਾਸਤੀ ਡਾਟੇ ਦੀ ਮੁਕੰਮਲਤਾ, ਪ੍ਰਮਾਣਿਕਤਾ ਅਤੇ ਦਰੁਸਤੱਤਾ (ਭਾਵ ਸਾਰੇ ਯੋਗ ਲਾਭਪਾਤਰੀਆਂ ਦੀ ਪੀ ਬੀ ਐਮ ਐਸ ਨੂੰ ਮਾਈਗ੍ਰੇਸ਼ਨ, ਮੌਤ ਕਾਰਣ ਅਯੋਗਤਾ, ਮੁੜ ਵਿਆਹ ਆਦਿ) ਦੀ ਜਾਂਚ ਕਰਨ ਲਈ ਕੋਈ ਸਮੀਖਿਆ ਕੀਤੀ ਗਈ ਸੀ ਅਤੇ ਨਾ ਹੀ ਡੀ ਐਸ ਐਸ ਡਬਲਿਊ ਸੀ ਡੀ ਨੂੰ ਉਨ੍ਹਾਂ ਦੇ ਪੱਧਰ ਤੇ ਡਾਟੇ ਦੀ ਜਾਂਚ ਕਰਨ ਲਈ ਕੋਈ ਹਦਾਇਤਾਂ ਦਿੱਤੀਆਂ ਗਈਆਂ ਸਨ। ਅੱਗੇ, ਲਾਭਪਾਤਰੀਆਂ ਦੇ ਡਾਟੇ ਦੀ ਸਮੇਂ ਸਮੇਂ ਤੇ ਸਮੀਖਿਆ/ਅਪਡੇਸ਼ਨ ਵੀ ਨਹੀ ਕੀਤੀ ਜਾ ਰਹੀ ਸੀ ਜਿਵੇਂ ਕਿ ਪੈਰ੍ਹਾ 3.14.1 ਵਿੱਚ ਚਰਚਾ ਕੀਤੀ ਗਈ ਹੈ। ਛੇ ਚੁਣੇ ਗਏ ਜ਼ਿਲ੍ਹਿਆਂ ਵਿੱਚ ਇਹ ਵੇਖਿਆ ਗਿਆ ਸੀ ਕਿ ਡੀ ਐਸ ਐਸ ਓਜ਼ ਵੱਲੋਂ ਲਾਭਪਾਤਰੀਆਂ ਨੂੰ ਭੁਗਤਾਨ ਪੀ ਬੀ ਐਮ ਐਸ ਵਿੱਚ ਰੱਖੇ ਜਾ ਰਹੇ ਮਾਸਟਰ ਡਾਟਾਬੇਸ ਵਿੱਚ ਹਾਸਲ ਕੀਤੇ ਵੇਰਵਿਆਂ ਦੇ ਅਧਾਰ ਤੇ ਕੀਤੇ ਜਾ ਰਹੇ ਸਨ ਜੋ ਸ਼ਤ *ਪ੍ਰਤੀਸ਼ਤ* ਸਹੀ ਨਹੀ ਸਨ। ਇਸ ਤਰ੍ਹਾਂ, ਯੋਗ ਲਾਭਪਾਤਰੀਆਂ ਨੂੰ ਬਣਦੀ ਵਿੱਤੀ ਸਹਾਇਤਾ ਲੇਖਾ ਪ੍ਰੀਖਿਆ ਵਿੱਚ ਪ੍ਰਮਾਣਿਤ ਨਹੀਂ ਹੋ ਸਕੀ ਜਿਵੇ ਕਿ ਰਿਪੋਰਟ ਵਿੱਚ ਚਰਚਾ ਕੀਤੀ ਗਈ ਹੈ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਕਿਹਾ (ਜੁਲਾਈ 2021) ਕਿ ਡੀ ਐਸ ਐਸ ਓਜ਼ ਨੂੰ ਇਮਪੋਰਟ ਪ੍ਰਕ੍ਰਿਆ ਮੁਕੰਮਲ ਹੋਣ ਅਤੇ ਉਨ੍ਹਾਂ ਦੇ ਪੱਧਰ ਤੇ ਇਸ ਨੂੰ ਪ੍ਰਮਾਣਿਤ ਕਰਨ ਬਾਰੇ ਸੂਚਿਤ ਕੀਤਾ ਗਿਆ ਸੀ। ਡਾਇਰੈਕਟਰ ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜਨਵਰੀ 2022) ਕਿ ਪੁਰਾਣੇ ਡਾਟੇ ਦੀ ਮੁਕੰਮਲਤਾ, ਪ੍ਰਮਾਣਿਕਤਾ ਅਤੇ ਦਰੁਸਤਤਾ ਦੀ ਜਾਂਚ ਲਈ ਕਾਰਵਾਈ ਡੀ ਜੀ ਆਰ ਪੀ ਜੀ ਦੀ ਸਲਾਹ ਨਾਲ ਕੀਤੀ ਜਾਵੇਗੀ।

## 3.4 ਇਨਪੁੱਟ ਅਤੇ ਪ੍ਰਮਾਣਿਕਤਾ ਕੰਟਰੋਲ

ਇਨਪੁੱਟ ਕੰਟਰੋਲ ਐਪਲੀਕੇਸ਼ਨ ਦੇ ਕੰਟਰੋਲ ਹਨ ਜੋ ਕਿ ਪ੍ਰਮਾਣਿਕਤਾ ਨਿਰੀਖਣ, ਡੁਪਲੀਕੇਟ ਨਿਰੀਖਣ ਅਤੇ ਹੋਰ ਸਬੰਧਤ ਕੰਟਰੋਲ ਲਾ ਕੇ ਗਲਤ ਡਾਟਾ ਐਂਟਰੀ ਦੇ ਜੋਖਮ ਨੂੰ ਘੱਟ ਤੋਂ ਘੱਟ ਕਰਨਾ ਲੋਚਦੇ ਹਨ। ਕਿਸੇ ਸਿਸਟਮ ਵਿੱਚ ਸਿਸਟਮ ਨੂੰ ਪੇਸ਼ ਕੀਤੇ ਗਏ ਡਾਟੇ ਤੇ ਕਈ ਕੰਪਿਊਟਰਾਈਜ਼ਡ ਪ੍ਰਮਾਣਿਕਤਾ ਨਿਰੀਖਣ ਲਾ ਕੇ ਡਾਟਾ ਇਨਪੁਟ ਦੀ ਦਰੁਸਤਤਾ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਇਹ ਸੰਭਾਵਿਤ ਗਲਤੀਆਂ ਦਾ ਪਤਾ ਲਗਾਉਣ ਅਤੇ ਠੀਕ ਕਰਨ ਦਾ ਸਭ ਤੋਂ ਪਹਿਲਾਂ ਮੌਕਾ ਪ੍ਰਦਾਨ ਕਰਦੇ ਹਨ।

ਡੀ ਐਸ ਐਸ ਡਬਲਿਊ ਸੀ ਡੀ ਨੇ ਸਾਲ 2015 ਵਿੱਚ ਪੀ ਬੀ ਐਮ ਐਸ ਨੂੰ ਕਾਰਜਸ਼ੀਲ ਕੀਤਾ, ਜਿਸ ਨੂੰ ਕਿ ਰਾਜ ਡੀ ਬੀ ਟੀ ਸੈੱਲ ਦੁਆਰਾ ਆਪ ਵਿਕਸਤ ਕੀਤਾ ਗਿਆ ਸੀ। ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਭੇਜੇ ਗਏ ਅਤੇ ਰਾਜ ਡੀ ਬੀ ਟੀ ਸੈੱਲ (ਡੀ ਜੀ ਆਰ ਪੀ ਜੀ) ਦੁਆਰਾ ਪੀ ਬੀ ਐਮ ਐਸ ਵਿੱਚ ਰੱਖੇ ਜਾ ਰਹੇ ਤਿੰਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਭਾਵ ਓ ਏ ਪੀ, ਐਫ ਏ ਡਬਲਿਊ ਡੀ ਡਬਲਿਊ ਅਤੇ ਐਫ ਏ ਡੀ ਸੀ ਨਾਲ ਸਬੰਧਤ ਡਾਟੇ ਦੇ ਵਿਸ਼ਲੇਸ਼ਣ ਨੇ ਐਪਲੀਕੇਸ਼ਨ ਨਿਯੰਤਰਣਾ ਅਰਥਾਤ ਇਨਪੁੱਟ ਅਤੇ ਪ੍ਰਮਾਣਿਕਤਾ ਨਿਯੰਤਰਣਾਂ ਵਿੱਚ ਹੇਠ ਲਿਖੀਆਂ ਅਸੰਗਤੀਆਂ ਦਾ ਪ੍ਰਗਟਾਵਾ ਕੀਤਾ:

### *3.4.1 ਬੁਢਾਪਾ ਪੈਨਸ਼ਨ ਸਕੀਮ*

ਪੰਜਾਬ ਬੁਢਾਪਾ ਪੈਨਸ਼ਨ ਨਿਯਮਾਵਲੀ, 1996 ਵਿੱਚ ਹੋਰ ਗੱਲਾਂ ਦੇ ਨਾਲ-ਨਾਲ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਪੁਰਸ਼ ਲਾਭਪਾਤਰੀਆਂ ਅਤੇ 58 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਮਹਿਲਾ ਲਾਭਪਾਤਰੀਆਂ ਨੂੰ ₹ 500/- ਪ੍ਰਤੀ ਮਹੀਨਾ (ਜੂਨ 2017 ਤੱਕ) ਅਤੇ ₹ 750/- ਪ੍ਰਤੀ ਮਹੀਨਾ (ਜੁਲਾਈ 2017 ਤੋਂ) ਦੀ ਵਿੱਤੀ ਸਹਾਇਤਾ ਦੀ ਵਿਵਸਥਾ ਕੀਤੀ ਗਈ ਹੈ।

ਪੀ ਬੀ ਐਮ ਐਸ ਵਿੱਚ ਓ ਏ ਪੀ ਸਕੀਮ ਅਧੀਨ ਕ੍ਰਿਆਸ਼ੀਲ ਲਾਭਪਾਤਰੀਆਂ ਦੇ ਸਬੰਧ ਵਿੱਚ ਰੱਖੇ ਜਾ ਰਹੇ ਮਾਸਟਰ ਡਾਟੇ (ਜੁਲਾਈ 2020 ਤੱਕ 16,63,646 ਮਾਮਲੇ) ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਦਰਸਾਇਆ ਕਿ:

- ਹਰ ਇੱਕ ਲਾਭਪਾਤਰੀ ਨੂੰ ਇੱਕ ਵਿਲੱਖਣ ਪੈਨਸ਼ਨ ਲੈਜਰ ਖਾਤਾ (ਪੀ ਐਲ ਏ) ਨੰਬਰ ਦਿੱਤਾ ਜਾਣਾ ਸੀ। ਜਦੋਂਕਿ, 19,798 ਮਾਮਲਿਆਂ ਵਿੱਚ (ਨਮੂਨਾ ਜਾਂਚ ਕੀਤੇ ਗਏ ਛੇ ਜ਼ਿਲ੍ਹਿਆਂ ਵਿੱਚ 4,736 ਮਾਮਲਿਆਂ[4] ਸਮੇਤ), ਡੁਪਲੀਕੇਟ ਪੀ ਐਲ ਏ ਨੰਬਰ ਪਾਏ ਗਏ ਸਨ।
- ਛੇ ਚੁਣੇ ਗਏ ਜ਼ਿਲ੍ਹਿਆਂ ਵਿੱਚ 6,498 ਮਾਮਲਿਆਂ[5] ਸਮੇਤ, 1,09,204 ਮਾਮਲਿਆਂ (ਪੁਰਸ਼ ਲਾਭਪਾਤਰੀ: 50,053 ਅਤੇ ਮਹਿਲਾ ਲਾਭਪਾਤਰੀ: 59,151) ਵਿੱਚ ਉਮਰ (ਜਨਮ ਦੀ ਮਿਤੀ) ਨਿਰਧਾਰਤ ਉਮਰ ਤੋਂ ਘੱਟ ਪਾਈ ਗਈ ਸੀ। 76,848 (1,09,204 ਵਿੱਚੋਂ) ਮਾਮਲਿਆਂ ਵਿੱਚ, ਜਨਮ ਮਿਤੀ ਦਾ ਖਾਨਾ ਖਾਲੀ ਸੀ।

### *3.4.2 ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਨੂੰ ਵਿੱਤੀ ਸਹਾਇਤਾ*

ਪੰਜਾਬ ਨਿਯਮਾਵਲੀ 1996 ਵਿੱਚ ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਨੂੰ ਵਿੱਤੀ ਸਹਾਇਤਾ ਹੋਰ ਗੱਲਾਂ ਦੇ ਨਾਲ-ਨਾਲ 58 ਸਾਲ ਤੋਂ ਘੱਟ ਉਮਰ ਦੀਆਂ ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਜਾਂ 30 ਸਾਲ ਤੋਂ ਵੱਧ ਉਮਰ ਦੀਆਂ ਅਣਵਿਆਹੀਆਂ ਬੇਸਹਾਰਾ ਔਰਤਾਂ ਨੂੰ ₹ 500/- ਪ੍ਰਤੀ ਮਹੀਨਾ (ਜੂਨ 2017 ਤੱਕ) ਅਤੇ ₹ 750/- ਪ੍ਰਤੀ ਮਹੀਨਾ (ਜੁਲਾਈ 2017 ਤੋਂ) ਵਿੱਤੀ ਸਹਾਇਤਾ ਰਾਸ਼ੀ ਮੁਹੱਈਆ ਕਰਵਾਉਣ ਦੀ ਵਿਵਸਥਾ ਕੀਤੀ ਗਈ ਹੈ।

ਐਫ ਏ ਡਬਲਿਊ ਡੀ ਡਬਲਿਊ ਸਕੀਮ ਅਧੀਨ ਕ੍ਰਿਆਸ਼ੀਲ ਲਾਭਪਾਤਰੀਆਂ ਦੇ ਸਬੰਧ ਵਿੱਚ ਪੀ ਬੀ ਐਮ ਐਸ ਵਿੱਚ ਰੱਖੇ ਜਾ ਰਹੇ ਮਾਸਟਰ ਡਾਟੇ (ਜੁਲਾਈ 2020 ਤੱਕ 4,30,138 ਮਾਮਲੇ) ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਦਰਸਾਇਆ ਕਿ:

- 11,913 ਮਾਮਲਿਆਂ ਵਿੱਚ (ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ 1,264 ਮਾਮਲਿਆਂ[6] ਸਮੇਤ), ਡੁਪਲੀਕੇਟ ਪੀ ਐਲ ਏ ਨੰਬਰ ਪਾਏ ਗਏ ਸਨ।

---

[4] (i) ਫਤਿਹਗੜ੍ਹ ਸਾਹਿਬ (593 ਮਾਮਲੇ); (ii) ਲੁਧਿਆਣਾ (670 ਮਾਮਲੇ); (iii) ਪਟਿਆਲਾ (2,892 ਮਾਮਲੇ); (iv) ਰੂਪਨਗਰ (248 ਮਾਮਲੇ); (v) ਐਸ ਬੀ ਐਸ ਨਗਰ (241 ਮਾਮਲੇ); ਅਤੇ (vi) ਐਸ ਏ ਐਸ ਨਗਰ (92 ਮਾਮਲੇ)।

[5] (i) ਫਤਿਹਗੜ੍ਹ ਸਾਹਿਬ (ਪੁਰਸ਼: 491 ਅਤੇ ਮਹਿਲਾ: 112); (ii) ਲੁਧਿਆਣਾ (ਪੁਰਸ਼: 2,080 ਅਤੇ ਮਹਿਲਾ: 212); (iii) ਪਟਿਆਲਾ (ਪੁਰਸ਼: 975 ਅਤੇ ਮਹਿਲਾ: 99); (iv) ਰੂਪਨਗਰ (ਪੁਰਸ਼: 470 ਅਤੇ ਮਹਿਲਾ: 154); (v) ਐਸ ਬੀ ਐਸ ਨਗਰ (ਪੁਰਸ਼: 208 ਅਤੇ ਮਹਿਲਾ: 97); ਅਤੇ (vi) ਐਸ ਏ ਐਸ ਨਗਰ (ਪੁਰਸ਼: 909 ਅਤੇ ਮਹਿਲਾ: 691)।

[6] (i) ਫਤਿਹਗੜ੍ਹ ਸਾਹਿਬ (20 ਮਾਮਲੇ); (ii) ਲੁਧਿਆਣਾ (122 ਮਾਮਲੇ); (iii) ਪਟਿਆਲਾ (912 ਮਾਮਲੇ); (iv) ਰੂਪਨਗਰ (44 ਮਾਮਲੇ); (v) ਐਸ ਬੀ ਐਸ ਨਗਰ (94 ਮਾਮਲੇ); ਅਤੇ (vi) ਐਸ ਏ ਐਸ ਨਗਰ (72 ਮਾਮਲੇ)।

- 12,047 ਮਾਮਲਿਆਂ ਵਿੱਚ (ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ 5,205 ਮਾਮਲਿਆਂ[7] ਸਮੇਤ), 'ਲਿੰਗ' ਖੇਤਰ ਨੂੰ ਪੁਰਸ਼ ਦੇ ਰੂਪ ਵਿੱਚ ਦਰਸਾਇਆ ਗਿਆ ਸੀ, ਜਦੋਂ ਕਿ ਐਫ ਏ ਡਬਲਿਊ ਡੀ ਡਬਲਿਊ ਸਕੀਮ ਸਿਰਫ ਮਹਿਲਾ ਲਾਭਪਾਤਰੀਆਂ ਲਈ ਹੈ।

- 23,754 ਮਾਮਲਿਆਂ ਵਿੱਚ (ਪੰਜ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ 661 ਮਾਮਲਿਆਂ[8] ਸਮੇਤ), ਉਮਰ 18 ਸਾਲ ਤੋਂ ਘੱਟ ਪਾਈ ਗਈ ਸੀ, ਇਸ ਲਈ, ਇਸ ਸਕੀਮ ਅਧੀਨ ਵਿੱਤੀ ਸਹਾਇਤਾ ਦੇ ਯੋਗ[9] ਨਹੀਂ ਸਨ। ਚਾਰ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ 251 ਮਾਮਲਿਆਂ[10] ਸਮੇਤ 21,253 ਮਾਮਲਿਆਂ ਵਿੱਚ (23,754 ਵਿੱਚੋਂ) ਜਨਮ ਮਿਤੀ ਦਾ ਖੇਤਰ ਖਾਲੀ ਸੀ।

### *3.4.3 ਆਸ਼ ਿਤ ਬੱਚਿਆਂ ਨੂੰ ਵਿੱਤੀ ਸਹਾਇਤਾ*

ਪੰਜਾਬ ਨਿਯਮਾਵਲੀ, 1996 ਵਿੱਚ ਆਸ਼੍ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਹੋਰ ਗੱਲਾਂ ਦੇ ਨਾਲ ਨਾਲ, ਵੱਧ ਤੋਂ ਵੱਧ ਦੋ ਬੱਚਿਆਂ, ਜਿਨ੍ਹਾਂ ਦੀ ਉਮਰ 21 ਸਾਲ ਤੋਂ ਘੱਟ ਹੈ ਜਿਹਨਾਂ ਦੇ ਮਾਪਿਆਂ ਦੀ ਮੌਤ ਹੋ ਗਈ/ਅਪਾਹਜ ਹਨ/ਆਪਣੀ ਰੋਜ਼ੀ ਰੋਟੀ ਕਮਾਉਣ ਵਿੱਚ ਅਸਮਰੱਥ ਹਨ, ਨੂੰ ₹ 500/- ਪ੍ਰਤੀ ਮਹੀਨਾ (ਜੂਨ 2017 ਤੱਕ) ਅਤੇ ₹ 750/- ਪ੍ਰਤੀ ਮਹੀਨਾ (ਜੁਲਾਈ 2017 ਤੋਂ) ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਵਿਵਸਥਾ ਕਰਦਾ ਹੈ।

ਐਫ ਏ ਡੀ ਸੀ ਸਕੀਮ ਅਧੀਨ ਕ੍ਰਿਆਸ਼ੀਲ ਲਾਭਪਾਤਰੀਆਂ ਦੇ ਸਬੰਧ ਵਿੱਚ ਪੀ ਬੀ ਐਮ ਐਸ ਵਿੱਚ ਰੱਖੇ ਜਾ ਰਹੇ ਮਾਸਟਰ ਡਾਟੇ (ਜੁਲਾਈ 2020 ਤੱਕ 99,459 ਮਾਮਲੇ) ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਦਿਖਾਇਆ ਹੈ ਕਿ:

- 737 ਮਾਮਲਿਆਂ [11] ਵਿੱਚ (ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ 204 ਮਾਮਲਿਆਂ[12] ਸਮੇਤ), ਡੁਪਲੀਕੇਟ ਪੀ ਐਲ ਏ ਨੰਬਰ ਪਾਏ ਗਏ ਸਨ।
- 10,269 ਮਾਮਲਿਆਂ ਵਿੱਚ (ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ 3,124 ਮਾਮਲਿਆਂ[13] ਸਮੇਤ), ਜਨਮ ਮਿਤੀ ਅਤੇ/ਜਾਂ ਪਹਿਲੇ ਬੱਚੇ ਅਤੇ/ਜਾਂ ਦੂਜੇ ਬੱਚੇ ਦੇ ਨਾਂਅ ਨਹੀਂ ਮਿਲੇ ਸਨ। ਅਜਿਹੇ ਡਾਟੇ ਦੀ ਅਣਹੋਂਦ ਵਿੱਚ, ਲੈਣ ਦੇਣ ਦੀ ਸੱਚਾਈ ਦਾ ਪਤਾ ਨਹੀਂ ਲਗਾਇਆ ਜਾ ਸਕਿਆ।

---

7 (i) ਫਤਿਹਗੜ੍ਹ ਸਾਹਿਬ (620 ਮਾਮਲੇ); (ii) ਲੁਧਿਆਣਾ (3,113 ਮਾਮਲੇ); (iii) ਪਟਿਆਲਾ (255 ਮਾਮਲੇ); (iv) ਰੂਪਨਗਰ (714 ਮਾਮਲੇ); (v) ਐਸ ਬੀ ਐਸ ਨਗਰ (87 ਮਾਮਲੇ); ਅਤੇ (vi) ਐਸ ਏ ਐਸ ਨਗਰ (416 ਮਾਮਲੇ)।

8 (i) ਲੁਧਿਆਣਾ (247 ਮਾਮਲੇ); (ii) ਪਟਿਆਲਾ (01 ਮਾਮਲਾ); (iii) ਰੂਪਨਗਰ (49 ਮਾਮਲੇ); (iv) ਐਸ ਬੀ ਐਸ ਨਗਰ (06 ਮਾਮਲੇ); ਅਤੇ (v) ਐਸ ਏ ਐਸ ਨਗਰ (358 ਮਾਮਲੇ)। ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਅਜਿਹਾ ਕੋਈ ਮਾਮਲਾ ਧਿਆਨ ਵਿੱਚ ਨਹੀਂ ਆਇਆ ਸੀ।

9 ਇੱਕ ਔਰਤ ਦੇ ਵਿਆਹ ਲਈ ਘੱਟੋ ਘੱਟ ਉਮਰ 18 ਸਾਲ ਨੂੰ ਧਿਆਨ ਵਿੱਚ ਰੱਖਦੇ ਹੋਏ।

10 (i) ਲੁਧਿਆਣਾ (55); (ii) ਰੂਪਨਗਰ (03); (iii) ਐਸ ਬੀ ਐਸ ਨਗਰ (03); ਅਤੇ (iv) ਐਸ ਏ ਐਸ ਨਗਰ (190)। ਜ਼ਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿੱਚ ਅਜਿਹਾ ਕੋਈ ਮਾਮਲਾ ਧਿਆਨ ਵਿੱਚ ਨਹੀਂ ਆਇਆ ਸੀ।

11 ਦੋ ਜ਼ਿਲ੍ਹਿਆਂ ਭਾਵ (i) ਗੁਰਦਾਸਪੁਰ; ਅਤੇ (ii) ਪਠਾਨਕੋਟ ਵਿੱਚ ਡੁਪਲੀਕੇਟ ਪੀ ਐਲ ਏ ਦਾ ਕੋਈ ਮਾਮਲਾ ਨਹੀਂ ਪਾਇਆ ਗਿਆ ਸੀ।

12 (i) ਫਤਿਹਗੜ੍ਹ ਸਾਹਿਬ (12 ਮਾਮਲੇ); (ii) ਲੁਧਿਆਣਾ (12 ਮਾਮਲੇ); (iii) ਪਟਿਆਲਾ (144 ਮਾਮਲੇ); (iv) ਰੂਪਨਗਰ (14 ਮਾਮਲੇ); (v) ਐਸ ਬੀ ਐਸ ਨਗਰ (12 ਮਾਮਲੇ); ਅਤੇ (vi) ਐਸ ਏ ਐਸ ਨਗਰ (10 ਮਾਮਲੇ)।

13 (i) ਫਤਿਹਗੜ੍ਹ ਸਾਹਿਬ (54 ਮਾਮਲੇ); (ii) ਲੁਧਿਆਣਾ (12 ਮਾਮਲੇ); (iii) ਪਟਿਆਲਾ (995 ਮਾਮਲੇ); (iv) ਰੂਪਨਗਰ (435 ਮਾਮਲੇ); (v) ਐਸ ਬੀ ਐਸ ਨਗਰ (475 ਮਾਮਲੇ); ਅਤੇ (vi) ਐਸ ਏ ਐਸ ਨਗਰ (1,153 ਮਾਮਲੇ)।

- ਫਤਿਹਗੜ੍ਹ ਸਾਹਿਬ ਨੂੰ ਛੱਡ ਕੇ 21 ਜ਼ਿਲ੍ਹਿਆਂ ਦੇ 13,223 ਮਾਮਲਿਆਂ ਵਿੱਚ (ਪੰਜ ਜ਼ਿਲ੍ਹਿਆਂ ਦੇ 1,803 ਮਾਮਲਿਆਂ[14] ਸਮੇਤ), ਸਰਪ੍ਰਸਤ/ਮਾਪਿਆਂ ਦੀ ਉਮਰ 18 ਸਾਲ ਤੋਂ ਘੱਟ ਦਰਸਾਈ ਗਈ ਸੀ।

ਆਨਲਾਈਨ ਉਪਲੱਬਧ ਲਾਭਪਾਤਰੀ ਵੇਰਵਿਆਂ ਨਾਲ ਉਪਲੱਬਧ ਭੌਤਿਕ ਅਰਜ਼ੀ ਫਾਰਮਾਂ ਦੀ ਜਾਂਚ ਲਈ ਨਮੂਨਾ ਜਾਂਚ ਕੀਤੇ ਚਾਰ ਜ਼ਿਲ੍ਹਿਆਂ[15] ਵਿੱਚ ਉਪਲੱਬਧ ਕਰਵਾਈਆਂ ਤਿੰਨ ਚੁਣੀਆਂ ਗਈਆਂ ਸਕੀਮਾਂ (ਓ ਏ ਪੀ: 55; ਐਫ ਏ ਡਬਲਿਊ ਡੀ ਡਬਲਿਊ : 273; ਅਤੇ ਐਫ ਏ ਡੀ ਸੀ:110) ਦੇ ਸਬੰਧ ਵਿੱਚ 438 ਅਰਜ਼ੀ ਫਾਰਮਾਂ ਦੀ ਸੈਂਪਲ ਜਾਂਚ ਦੀ ਲੇਖਾ ਪ੍ਰੀਖਿਆ ਕੀਤੀ ਗਈ। ਇਹ ਧਿਆਨ ਵਿੱਚ ਆਇਆ ਸੀ ਕਿ ਅਰਜ਼ੀ ਫਾਰਮਾਂ ਦੇ ਅਨੁਸਾਰ ਭਾਵੇ ਸਬੰਧਤ ਸਕੀਮਾਂ ਅਧੀਨ ਲਾਭਪਾਤਰੀ ਵਿੱਤੀ ਸਹਾਇਤਾ ਲਈ ਯੋਗ ਸਨ, ਪੀ ਬੀ ਐਮ ਐਸ ਵਿੱਚ ਉਨ੍ਹਾਂ ਦਾ ਡਾਟਾ ਠੀਕ ਦਰਜ਼ ਨਹੀ ਕੀਤਾ ਗਿਆ ਸੀ।

ਇਹ ਦਰਸਾਉਂਦਾ ਹੈ ਕਿ ਸਿਸਟਮ ਕੋਲ ਲੋੜੀਂਦੇ ਇਨਪੁੱਟ ਅਤੇ ਪ੍ਰਮਾਣਿਕਤਾ ਨਿਯੰਤਰਣ ਨਹੀਂ ਸਨ, ਜਿਸ ਨਾਲ ਸਮਾਜਿਕ ਸੁਰੱਖਿਆ ਸਕੀਮਾਂ ਦੇ ਅਧੀਨ ਅਯੋਗ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਅਨਿਯਮਿਤ ਅਦਾਇਗੀ ਹੋ ਸਕਦੀ ਹੈ, ਜਿਵੇਂ ਕਿ ਪੈਰ੍ਹੇ 3.5 ਤੋਂ 3.13 ਵਿੱਚ ਚਰਚਾ ਕੀਤੀ ਗਈ ਹੈ।

ਲੇਖਾ ਪ੍ਰੀਖਿਆ ਵਿੱਚ ਇਹ ਧਿਆਨ ਵਿੱਚ ਲਿਆਂਦੇ ਜਾਣ ਤੇ ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਸਿਸਟਮ ਸੋਫਟਵੇਅਰ ਵਿੱਚ ਕਮੀਆਂ ਨੂੰ ਵਿਸੰਗਤੀਆਂ ਦਾ ਕਾਰਣ ਦੱਸਿਆ (ਜੁਲਾਈ 2021) ਅਤੇ ਕਿਹਾ ਕਿ ਮਾਮਲਾ ਅਗਲੀ ਜਰੂਰੀ ਕਾਰਵਾਈ ਲਈ ਡੀ ਜੀ ਆਰ ਪੀ ਜੀ ਨਾਲ ਉਠਾਇਆ ਜਾਵੇਗਾ। ਇਹ ਜੋੜਿਆ ਗਿਆ ਸੀ ਕਿ ਸਾਰੇ ਡੀ ਐਸ ਐਸ ਓਜ਼ ਨੂੰ ਲਾਭਪਾਤਰੀਆਂ ਦੇ ਪ੍ਰਮਾਣ-ਪੱਤਰਾਂ ਦੀ ਜਾਂਚ ਉਪਰੰਤ ਜਰੂਰੀ ਸੋਧਾਂ ਲਈ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ। ਡਾਇਰੈਕਟਰ ਡੀ ਜੀ ਆਰ ਪੀ ਜੀ ਨੇ ਵੀ ਮਾਮਲੇ ਦੀ ਜਾਂਚ ਕਰਨ ਅਤੇ ਸੋਫਟਵੇਅਰ ਵਿੱਚ ਲੋੜੀਂਦੀਆਂ ਸੋਧਾਂ ਕਰਨ ਦਾ ਭਰੋਸਾ ਦਿਵਾਇਆ।

## 3.5 ਡਾਟਾਬੇਸ ਵਿੱਚ ਡੁਪਲੀਕੇਟ ਰਿਕਾਰਡ ਦੇ ਕਾਰਣ ਵਿੱਤੀ ਸਹਾਇਤਾ ਦਾ ਅਯੋਗ ਭੁਗਤਾਨ

**(i)** ਤਿੰਨ ਚੁਣੀਆਂ ਗਈਆਂ ਸਕੀਮਾਂ ਦੇ ਸਬੰਧ ਵਿੱਚ, ਲਾਭਪਾਤਰੀਆਂ ਦੀ ਸੂਚੀ ਵਾਲੇ ਪੀ ਬੀ ਐਮ ਐਸ ਵਿੱਚ ਰੱਖੇ ਜਾ ਰਹੇ ਮਾਸਟਰ ਡਾਟਾ ਜੋ ਡੀ ਐਸ ਐਸ ਡਬਲਿਊ ਸੀ ਡੀ ਵੱਲੋਂ ਮੁਹਈਆ ਕਰਵਾਇਆ ਗਿਆ, ਦੀ ਜਾਂਚ ਨੇ ਦਰਸਾਇਆ ਕਿ ਜਨਵਰੀ 2018[16] ਅਤੇ ਜੁਲਾਈ 2020 ਦੀ ਮਿਆਦ ਦੇ ਵਿੱਚ ਡੀ ਐਸ ਐਸ ਡਬਲਿਊ ਸੀ ਡੀ ਦੁਆਰਾ 46,146 ਲਾਭਪਾਤਰੀਆਂ[17] ਦੇ ਰਿਕਾਰਡ

---

[14] (i) ਲੁਧਿਆਣਾ (1,253 ਮਾਮਲੇ); (ii) ਪਟਿਆਲਾ (01 ਮਾਮਲਾ); (iii) ਰੂਪਨਗਰ (16 ਮਾਮਲੇ); (iv) ਐਸ ਬੀ ਐਸ ਨਗਰ (08 ਮਾਮਲੇ); ਅਤੇ (v) ਐਸ ਏ ਐਸ ਨਗਰ (525 ਮਾਮਲੇ)। ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਅਜਿਹੇ ਕੋਈ ਮਾਮਲੇ ਧਿਆਨ ਵਿੱਚ ਨਹੀ ਆਏ ਸਨ।

[15] ਰੂਪਨਗਰ ਅਤੇ ਐਸ ਬੀ ਐਸ ਨਗਰ ਜ਼ਿਲ੍ਹਿਆਂ ਵਿੱਚ ਕੋਈ ਭੌਤਿਕ ਫਾਰਮ ਉਪਲੱਬਧ ਨਹੀ ਸਨ ਕਿਉਂਕਿ ਅਰਜ਼ੀਆਂ ਸਿਰਫ ਆਨਲਾਈਨ ਮੋਡ ਰਾਹੀ ਪ੍ਰਾਪਤ ਕੀਤੀਆਂ ਜਾ ਰਹੀਆਂ ਸਨ।

[16] ਜਨਵਰੀ 2018 ਤੋਂ ਪਹਿਲਾਂ 68,307 ਅਕ੍ਰਿਆਸ਼ੀਲ ਚਿੰਨਤ ਕੀਤੇ ਗਏ ਲਾਭਪਾਤਰੀਆਂ ਤੋਂ ਬਿਨ੍ਹਾਂ ਵਿਭਾਗ ਵੱਲੋਂ ਤਿੰਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਦੇ ਅਧੀਨ ਵਾਧੂ ਵਿੱਤੀ ਸਹਾਇਤਾ ਦੀ ਵਸੂਲੀ ਲਈ ਕਾਰਵਾਈ ਵਿਭਾਗ ਦੁਆਰਾ ਪਹਿਲਾਂ ਹੀ ਸ਼ੁਰੂ ਕੀਤੀ ਜਾ ਚੁੱਕੀ ਸੀ ਜਿਵੇਂ ਕਿ ਪੈਰ੍ਹਾ 3.8 ਵਿੱਚ ਚਰਚਾ ਕੀਤੀ ਗਈ ਹੈ।

[17] ਓ ਏ ਪੀ (35,647 ਰਿਕਾਰਡ); ਐਫ ਏ ਡਬਲਿਊ ਡੀ ਡਬਲਿਊ (7,931 ਰਿਕਾਰਡ); ਅਤੇ ਐਫ ਏ ਡੀ ਸੀ (2,568 ਰਿਕਾਰਡ)।

ਨੂੰ ਡੁਪਲੀਕੇਟ ਹੋਣ ਕਾਰਣ ਖਤਮ ਕਰ ਦਿੱਤਾ ਗਿਆ ਸੀ। ਹਾਲਾਂਕਿ, ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਇਹਨਾਂ ਲਾਭਪਾਤਰੀਆਂ ਨੂੰ ਕੀਤੀ ਗਈ ਵਧੇਰੇ ਅਦਾਇਗੀ ਦੀ ਵਸੂਲੀ ਲਈ ਕੀਤੀ ਕਾਰਵਾਈ ਜੇਕਰ ਕੋਈ ਹੈ, ਦੀ ਉਡੀਕ ਕੀਤੀ ਜਾ ਰਹੀ ਸੀ (ਜੂਨ 2021)।

ਨਮੂਨਾ ਜਾਂਚ ਕੀਤੇ ਗਏ ਛੇ ਜ਼ਿਲ੍ਹਿਆਂ ਵਿੱਚ ਉਪਰੋਕਤ 46,146 ਲਾਭਪਾਤਰੀਆਂ ਵਿੱਚੋਂ ਤਿੰਨ ਚੁਣੀਆਂ ਗਈਆਂ ਸਕੀਮਾਂ ਦੇ ਸਬੰਧ ਵਿੱਚ ਜਨਵਰੀ 2018 ਅਤੇ ਜੁਲਾਈ 2020 ਦੇ ਵਿਚਕਾਰ ਅਕ੍ਰਿਆਸ਼ੀਲ ਚਿੰਨਤ ਕੀਤੇ ਗਏ ਡੁਪਲੀਕੇਟ ਰਿਕਾਰਡਾਂ ਦੀ ਸਥਿਤੀ **ਸਾਰਣੀ 3.3** ਵਿੱਚ ਦਿੱਤੀ ਗਈ ਹੈ।

**ਸਾਰਣੀ 3.3: ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਚੁਣੀਆਂ ਗਈਆਂ ਸਕੀਮਾਂ ਦੇ ਸਬੰਧ ਵਿੱਚ ਜਨਵਰੀ 2018 ਤੋਂ ਜੁਲਾਈ 2020 ਤੱਕ ਅਕਿਰਿਆਸ਼ੀਲ ਚਿੰਨਤ ਕੀਤੇ ਗਏ ਡੁਪਲੀਕੇਟ ਰਿਕਾਰਡਾਂ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਓ ਏ ਪੀ | | ਐਫ ਏ ਡਬਲਿਊ ਡੀ ਡਬਲਿਊ | | ਐਫ ਏ ਡੀ ਸੀ | | ਜੋੜ | |
|---|---|---|---|---|---|---|---|---|---|
| | | ਲਾਭਪਾਤਰੀਆਂ ਦੀ ਅਕਿਰਿਆਸ਼ੀਲ ਚਿੰਨਤ ਕੀਤੀ ਗਈ ਸੰਖਿਆ | ਰਾਸ਼ੀ* | ਲਾਭਪਾਤਰੀਆਂ ਦੀ ਅਕਿਰਿਆਸ਼ੀਲ ਚਿੰਨਤ ਕੀਤੀ ਗਈ ਸੰਖਿਆ | ਰਾਸ਼ੀ* | ਲਾਭਪਾਤਰੀਆਂ ਦੀ ਅਕਿਰਿਆਸ਼ੀਲ ਚਿੰਨਤ ਕੀਤੀ ਗਈ ਸੰਖਿਆ | ਰਾਸ਼ੀ* | ਲਾਭਪਾਤਰੀਆਂ ਦੀ ਅਕਿਰਿਆਸ਼ੀਲ ਚਿੰਨਤ ਕੀਤੀ ਗਈ ਸੰਖਿਆ | ਰਾਸ਼ੀ* |
| 1. | ਫਤਿਹਗੜ੍ਹ ਸਾਹਿਬ | 170 | 0.09 | 51 | 0.05 | 27 | 0.07 | 248 | 0.21 |
| 2. | ਲੁਧਿਆਣਾ | 567 | 0.24 | 224 | 0.13 | 92 | 0.11 | 883 | 0.48 |
| 3. | ਪਟਿਆਲਾ | 1,387 | 2.61 | 207 | 0.39 | 73 | 0.14 | 1,667 | 3.14 |
| 4. | ਰੂਪਨਗਰ | 2,887 | 3.28 | 858 | 1.06 | 236 | 0.44 | 3,981 | 4.78 |
| 5. | ਐਸ ਬੀ ਐਸ ਨਗਰ | 188 | 0.18 | 103 | 0.08 | 28 | 0.04 | 319 | 0.30 |
| 6. | ਐਸ ਏ ਐਸ ਨਗਰ | 1,064 | 0.86 | 43 | 0.05 | 51 | 0.07 | 1,158 | 0.98 |
| **ਜੋੜ** | | **6,263** | **7.26** | **1,486** | **1.76** | **507** | **0.87** | **8,256** | **9.89** |

*ਸ੍ਰੋਤ: ਵਿਭਾਗੀ ਡਾਟਾ*

** ਅਪ੍ਰੈਲ 2017 ਤੋਂ ਜੁਲਾਈ 2020 ਦੀ ਮਿਆਦ ਲਈ ਆਂਕਣਾ ਕੀਤੀ ਗਈ ਰਾਸ਼ੀ।*

ਨਮੂਨਾ ਜਾਂਚ ਕੀਤੇ ਗਏ ਛੇ ਜਿਲ੍ਹਿਆਂ ਵਿੱਚ ਚੁਣੀਆਂ ਗਈਆਂ ਤਿੰਨ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧ ਵਿੱਚ ਅਕਿਰਿਆਸ਼ੀਲ ਚਿੰਨਤ ਕੀਤੇ ਗਏ 8,256 ਡੁਪਲੀਕੇਟ ਲਾਭਪਾਤਰੀਆਂ ਨੂੰ (ਜਨਵਰੀ 2018–ਜੁਲਾਈ 2020) ਸੰਭਾਵੀ ਵਾਧੂ ਵਿੱਤੀ ਸਹਾਇਤਾ (ਅਪ੍ਰੈਲ 2017–ਜੁਲਾਈ 2020) ₹ 9.89 ਕਰੋੜ ਦਾ ਭੁਗਤਾਨ ਕੀਤਾ ਗਿਆ।

**(ii)** ਤਿੰਨ ਚੁਣੀਆਂ ਗਈਆਂ ਸਕੀਮਾਂ ਦੇ ਸਬੰਧ ਵਿੱਚ ਕ੍ਰਿਆਸ਼ੀਲ ਲਾਭਪਾਤਰੀਆਂ ਦੀ ਸੂਚੀ ਵਾਲੇ ਪੀ ਬੀ ਐਮ ਐਸ ਡਾਟਾ ਦੇ ਵਿਸ਼ਲੇਸ਼ਣ ਦੇ ਦੌਰਾਨ 7,420 ਲਾਭਪਾਤਰੀਆਂ ਦੇ ਡੁਪਲੀਕੇਟ ਰਿਕਾਰਡ[18], ਜੋ ਕਿ ਇੱਕੋ ਪਿੰਡ, ਬਲਾਕ ਅਤੇ ਜ਼ਿਲ੍ਹੇ ਵਿੱਚ ਰਹਿੰਦੇ ਸਨ ਅਤੇ ਉਨ੍ਹਾਂ ਦੇ ਨਾਮ, ਪਿਤਾ ਦਾ ਨਾਮ, ਆਧਾਰ ਨੰਬਰ ਅਤੇ/ਜਾਂ ਬੈਂਕ ਖਾਤਾ ਨੰਬਰ (ਆਖਰੀ 4 ਅੰਕ) ਇੱਕੋ ਸਨ ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਏ (ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਖੁਦ ਹੀ ਨਸ਼ਟ ਗਏ ਡੁਪਲੀਕੇਟ ਰਿਕਾਰਡਾਂ ਤੋਂ ਇਲਾਵਾ, ਜਿਵੇਂ ਕਿ ਪਿਛਲੇ ਪੈਰ੍ਹੇ ਵਿੱਚ ਵਿਸਤ੍ਰਿਤ ਹੈ)।

[18] ਓ ਏ ਪੀ (2,421 ਰਿਕਾਰਡ); ਐਫ ਏ ਡਬਲਿਊ ਡੀ ਡਬਲਿਊ (4,267 ਰਿਕਾਰਡ); ਅਤੇ ਐਫ ਏ ਡੀ ਸੀ (732 ਰਿਕਾਰਡ)।

ਇਹ ਪੁੱਛੇ ਜਾਣ ਤੇ ਕਿ ਕੀ ਇਹਨਾਂ 7,420 ਡੁਪਲੀਕੇਟ ਰਿਕਾਰਡਾਂ ਵਿੱਚ ਅਧਾਰ ਨੰਬਰ ਅਤੇ/ਜਾਂ ਬੈਂਕ ਖਾਤੇ ਨੰਬਰ ਇੱਕੋ ਸਨ ਤਾਂ ਡੀ ਜੀ ਆਰ ਪੀ ਜੀ ਨੇ ਪੁਸ਼ਟੀ ਕੀਤੀ ਕਿ 4,902 ਮਾਮਲਿਆਂ ਵਿੱਚ ਅਧਾਰ ਨੰਬਰ ਅਤੇ ਬੈਂਕ ਖਾਤਾ ਨੰਬਰ ਇੱਕੋ ਸੀ। ਬਾਕੀ ਰਹਿੰਦੇ 2,518 ਮਾਮਲਿਆ ਵਿੱਚ ਕਿਉਂਕਿ ਅਧਾਰ/ਬੈਂਕ ਖਾਤੇ ਨੰਬਰ ਡਾਟਾਬੇਸ ਕੋਲ ਉਪਲੱਬਧ/ਮੈਚ[19] ਨਹੀਂ ਕੀਤੇ ਸਨ, ਡੁਪਲੀਕੇਸ਼ਨ ਦੀ ਜਾਂਚ ਨਹੀਂ ਹੋ ਸਕੀ। ਪ੍ਰੰਤੂ ਇਸ ਸਬੰਧ ਵਿੱਚ ਡੀ ਐਸ ਐਸ ਡਬਲਿਊ ਸੀ ਡੀ ਤੋਂ ਉੱਤਰ ਦੀ ਉਡੀਕ ਸੀ। ਇਸ ਤਰ੍ਹਾਂ ਡੁਪਲੀਕੇਟ ਇੰਦਰਾਜਾ ਦੇ ਵਿਰੁੱਧ ਵਿੱਤੀ ਸਹਾਇਤਾ ਦੇ ਭੁਗਤਾਨ ਦੇ ਕਾਰਣ ਧੋਖਾਧੜੀ ਦੀ ਸੰਭਾਵਨਾ ਨੂੰ ਲੇਖਾ ਪ੍ਰੀਖਿਆ ਵਿੱਚ ਰੱਦ ਨਹੀਂ ਕੀਤਾ ਜਾ ਸਕਦਾ ਸੀ।

ਨਮੂਨਾ ਜਾਂਚ ਕੀਤੇ ਗਏ ਛੇ ਜ਼ਿਲ੍ਹਿਆਂ ਵਿੱਚ, ਲੇਖਾ ਪ੍ਰੀਖਿਆ ਨੇ ਲਾਭਪਾਤਰੀਆਂ ਦੇ ਇੱਕੋ ਨਾਮ, ਪਿਤਾ ਦਾ ਨਾਮ, ਆਧਾਰ ਨੰਬਰ ਅਤੇ/ਜਾਂ ਬੈਂਕ ਖਾਤਾ ਨੰਬਰ (ਆਖਰੀ 4 ਅੰਕ) ਵਾਲੇ 581 ਡੁਪਲੀਕੇਟ ਰਿਕਾਰਡ (ਉਪਰੋਕਤ 7,420 ਮਾਮਲਿਆਂ ਵਿੱਚੋਂ) ਪਾਏ ਗਏ, ਜਿਵੇਂ ਕਿ **ਸਾਰਣੀ** 3.4 ਵਿੱਚ ਵੇਰਵਾ ਦਿੱਤਾ ਗਿਆ ਹੈ। ਇਹਨਾਂ 581 ਮਾਮਲਿਆਂ ਵਿੱਚੋ 383 ਡੁਪਲੀਕੇਟ ਰਿਕਾਰਡਾਂ ਦੀ ਡੀ ਜੀ ਆਰ ਪੀ ਜੀ ਵੱਲੋਂ ਪੁਸ਼ਟੀ ਕੀਤੀ ਗਈ ਸੀ।

**ਸਾਰਣੀ 3.4: ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਚੁਣੀਆਂ ਗਈਆਂ ਸਕੀਮਾਂ ਦੇ ਸਬੰਧ ਵਿੱਚ ਲੇਖਾ ਪ੍ਰੀਖਿਆ ਦੁਆਰਾ ਧਿਆਨ ਵਿੱਚ ਆਏ ਡੁਪਲੀਕੇਟ ਰਿਕਾਰਡਾਂ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਜ਼ਿਲ੍ਹੇ ਦਾ ਨਾਂਅ | ਓ ਏ ਪੀ | | ਐਫ ਏ ਡਬਲਿਊ ਡੀ ਡਬਲਿਊ | | ਐਫ ਏ ਡੀ ਸੀ | | ਜੋੜ | |
|---|---|---|---|---|---|---|---|---|---|
| | | ਡੁਪਲੀਕੇਟ ਲਾਭਪਾਤਰੀਆਂ ਦੀ ਸੰਖਿਆ | ਰਾਸ਼ੀ* | ਡੁਪਲੀਕੇਟ ਲਾਭਪਾਤਰੀਆਂ ਦੀ ਸੰਖਿਆ | ਰਾਸ਼ੀ* | ਡੁਪਲੀਕੇਟ ਲਾਭਪਾਤਰੀਆਂ ਦੀ ਸੰਖਿਆ | ਰਾਸ਼ੀ* | ਡੁਪਲੀਕੇਟ ਲਾਭਪਾਤਰੀਆਂ ਦੀ ਸੰਖਿਆ | ਰਾਸ਼ੀ* |
| 1. | ਫਤਿਹਗੜ੍ਹ ਸਾਹਿਬ | 26 | 0.05 | 4 | 0.01 | - | 0.00 | 30 | 0.06 |
| 2. | ਲੁਧਿਆਣਾ | 49 | 0.10 | 9 | 0.02 | - | 0.00 | 58 | 0.12 |
| 3. | ਪਟਿਆਲਾ | 114 | 0.23 | 123 | 0.22 | 29 | 0.07 | 266 | 0.52 |
| 4. | ਰੂਪਨਗਰ | 62 | 0.04 | 41 | 0.05 | 5 | 0.01 | 108 | 0.10 |
| 5. | ਐਸ ਬੀ ਐਸ ਨਗਰ | 29 | 0.06 | 62 | 0.04 | - | 0.00 | 91 | 0.10 |
| 6. | ਐਸ ਏ ਐਸ ਨਗਰ | 6 | 0.01 | 22 | 0.03 | - | 0.00 | 28 | 0.04 |
| **ਜੋੜ** | | **286** | **0.49** | **261** | **0.37** | **34** | **0.08** | **581** | **0.94** |

*ਸ੍ਰੋਤ: ਵਿਭਾਗੀ ਡਾਟਾ*

** ਅਪ੍ਰੈਲ 2017 ਤੋਂ ਜੁਲਾਈ 2020 ਦੀ ਮਿਆਦ ਲਈ ਆਂਕਣਾ ਕੀਤੀ ਗਈ ਰਾਸ਼ੀ।*

ਨਮੂਨਾ ਜਾਂਚ ਕੀਤੇ ਗਏ ਛੇ ਜਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧ ਵਿੱਚ 581 ਡੁਪਲੀਕੇਟ ਲਾਭਪਾਤਰੀਆਂ ਨੂੰ ਸੰਭਾਵਤ ਵਾਧੂ ਵਿੱਤੀ ਸਹਾਇਤਾ ਦੀ ਕੀਤੀ ਗਈ ਅਦਾਇਗੀ ₹ 0.94 ਕਰੋੜ[20] ਦੀ ਆਂਕੀ ਗਈ (ਅਪ੍ਰੈਲ 2017-ਜੁਲਾਈ 2020)। ਡੀ ਐਸ ਐਸ ਓ ਫਤਿਹਗੜ੍ਹ ਸਾਹਿਬ ਦੇ ਓ ਏ ਪੀ ਸਕੀਮ ਵਿੱਚ 13 ਲਾਭਪਾਤਰੀਆਂ ਅਤੇ ਐਫ ਏ ਡਬਲਿਊ ਡੀ ਡਬਲਿਊ ਸਕੀਮ ਵਿੱਚ 03 ਲਾਭਪਾਤਰੀਆਂ ਨੂੰ ਕੇਂਦਰੀ ਅਦਾਇਗੀ ਹੋਣ ਨੂੰ

[19] ਡਾਟਾਬੇਸ ਵਿੱਚ ਸੋਧ ਸਬੰਧੀ ਟਿੱਪਣੀ ਦੀ ਚਰਚਾ ਪੈਰ੍ਹਾ 3.11 ਵਿੱਚ ਕੀਤੀ ਗਈ ਹੈ।

[20] ਵਿਭਾਗ ਕੋਲ ਭੁਗਤਾਨ ਦੇ ਰਿਕਾਰਡ/ਫਾਈਲਾਂ ਦੀ ਅਣਹੋਂਦ ਵਿੱਚ ਇਹਨਾਂ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਕੀਤੀ ਗਈ ਅਦਾਇਗੀ ਦੀ ਅਸਲ ਰਾਸ਼ੀ ਦਾ ਲੇਖਾ ਪ੍ਰੀਖਿਆ ਵਿੱਚ ਪਤਾ ਨਹੀ ਲਗਾਇਆ ਜਾ ਸਕਿਆ ।

ਮੰਨਿਆ ਅਤੇ ਕਿਹਾ (ਅਪ੍ਰੈਲ 2021) ਕਿ ਡੁਪਲੀਕੇਟ ਇੰਦਰਾਜਾਂ ਨੂੰ ਹਟਾ ਦਿੱਤਾ ਗਿਆ ਸੀ ਅਤੇ ਇਹਨਾਂ ਲਾਭਪਾਤਰੀਆਂ ਤੋਂ ਵਸੂਲੀ ਆਰੰਭੀ ਜਾਵੇਗੀ। ਬਕਾਇਆ ਮਾਮਲਿਆਂ ਵਿੱਚ, ਕੁੱਝ ਤਕਨੀਕੀ ਸਮੱਸਿਆ ਕਰਕੇ ਸਿਸਟਮ ਡੁਪਲੀਕੇਟ ਰਿਕਾਰਡ ਦਿਖਾ ਰਿਹਾ ਸੀ। ਪ੍ਰੰਤੂ, ਇਸ ਸਬੰਧ ਵਿੱਚ ਲੇਖਾ ਪ੍ਰੀਖਿਆ ਨੂੰ ਕੋਈ ਸਹਾਇਕ ਦਸਤਾਵੇਜ਼ ਮੁਹੱਈਆਂ ਨਹੀ ਕਰਵਾਏ ਸਨ। ਬਾਕੀ ਰਹਿੰਦੇ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਦੇ ਡੀ ਐਸ ਐਸ ਓਜ਼ ਨੇ ਕਿਹਾ (ਨਵੰਬਰ 2020-ਮਾਰਚ 2021) ਕਿ ਲੇਖਾ ਪ੍ਰੀਖਿਆ ਨੂੰ ਸੂਚਿਤ ਕਰਦੇ ਹੋਏ ਰਿਕਾਰਡ ਦੀ ਜਾਂਚ ਤੋਂ ਬਾਅਦ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਦੱਸਿਆ (ਜੁਲਾਈ 2021) ਕਿ ਮਾਸਟਰ ਡਾਟਾਬੇਸ ਵਿੱਚ ਡੁਪਲੀਕੇਟ ਰਿਕਾਰਡ ਇੱਕ ਗੰਭੀਰ ਮੁੱਦਾ ਸੀ ਅਤੇ ਸਾਰੇ ਡੀ ਐਸ ਐਸ ਓਜ਼ ਨੂੰ ਵਾਧੂ ਭੁਗਤਾਨ ਤੋਂ ਬਚਣ ਲਈ ਮਾਸਟਰ ਡਾਟਾਬੇਸ ਵਿੱਚ ਲਾਭਪਾਤਰੀਆਂ ਦੀ ਡੁਪਲੀਸਿਟੀ ਰੋਕਣ ਲਈ ਹਦਾਇਤਾਂ ਦਿੱਤੀਆਂ ਗਈਆਂ ਸਨ। ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਵੀ ਲਾਭਪਾਤਰੀਆਂ, ਜਿਨ੍ਹਾਂ ਨੂੰ ਵਾਧੂ ਭੁਗਤਾਨ ਕੀਤਾ ਗਿਆ ਸੀ, ਨੂੰ ਵਸੂਲੀ ਨੋਟਿਸ ਜਾਰੀ ਕਰਨ ਦਾ ਭਰੋਸਾ ਦਿੱਤਾ। ਡੀ ਐਸ ਐਸ ਡਬਲਿਊ ਸੀ ਡੀ ਨੇ ਅੱਗੇ ਸਿਸਟਮ ਸੌਫਟਵੇਅਰ ਵਿੱਚ ਕਮੀ ਨੂੰ ਡੇਟਾ ਵਿੱਚ ਅੰਤਰ ਦਾ ਕਾਰਨ ਦੱਸਿਆ ਅਤੇ ਕਿਹਾ ਕਿ ਮਾਮਲਾ ਅੱਗੇ ਜਰੂਰੀ ਕਾਰਵਾਈ ਲਈ ਡੀ ਜੀ ਆਰ ਪੀ ਜੀ ਕੋਲ ਉਠਾਇਆ ਜਾਵੇਗਾ।

## 3.6 ਅਯੋਗ ਲਾਭਪਾਤਰੀਆਂ ਨੂੰ ਬਾਹਰ ਨਾ ਕਰਨਾ

ਤਿੰਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧ ਵਿੱਚ ਪੀ ਬੀ ਐਮ ਐਸ ਵਿੱਚ ਰੱਖੇ ਜਾ ਰਹੇ ਮਾਸਟਰ ਡਾਟੇ ਦਾ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਹੇਠ ਲਿਖੇ ਅਨੁਸਾਰ ਦਰਸਾਇਆ ਗਿਆ ਹੈ:

(i) ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਮੌਤ ਅਤੇ ਹੋਰ ਕਾਰਣਾਂ ਜਿਵੇਂ ਕਿ ਅਸਫਲ ਤਸਦੀਕ, ਅਯੋਗਤਾ ਆਦਿ ਦੇ ਅਧਾਰ ਤੇ ਡੀ ਐਸ ਐਸ ਡਬਲਿਊ ਸੀ ਡੀ ਨੇ 4,762 ਲਾਭਪਾਤਰੀਆਂ (ਓ ਏ ਪੀ : 4,330 ਅਤੇ ਐਫ ਏ ਡਬਲਿਊ ਡੀ ਡਬਲਿਊ: 432) ਦੀ ਵਿੱਤੀ ਸਹਾਇਤਾ ਰੋਕ ਦਿੱਤੀ ਗਈ (ਮਈ 2016-ਜੁਲਾਈ 2020), ਜਿਸ ਵਿੱਚ 360 ਲਾਭਪਾਤਰੀ (ਓ ਏ ਪੀ : 302 ਅਤੇ ਐਫ ਏ ਡਬਲਿਊ ਡੀ ਡਬਲਿਓ: 58) ਸ਼ਾਮਲ ਹਨ। ਜਦੋਂਕਿ, ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਇਹ ਲਾਭਪਾਤਰੀ ਲਗਾਤਾਰ ਵਿੱਤੀ ਸਹਾਇਤਾ ਪ੍ਰਾਪਤ ਕਰਦੇ ਰਹੇ ਕਿਉਂਕਿ ਇਹ ਉਹਨਾਂ ਹੀ ਲਾਭਪਾਤਰੀਆਂ ਦੇ ਡੁਪਲੀਕੇਟ ਇੰਦਰਾਜ਼ ਸਨ ਜਿਹੜੇ ਜੁਲਾਈ 2020 ਤੱਕ ਕ੍ਰਿਆਸ਼ੀਲ ਰਹੇ। ਇੱਕ ਇੰਦਰਾਜ਼ ਨੂੰ ਮਿਟਾਉਣ ਦੀ ਮਿਤੀ ਤੋਂ ਪਹਿਲਾਂ ਦੋਵਾਂ ਇੰਦਰਾਜ਼ਾਂ ਵਿਰੁੱਧ ਵਿੱਤੀ ਸਹਾਇਤਾ ਮਨਜ਼ੂਰ ਹੋ ਗਈ ਸੀ। ਨਤੀਜੇ ਵਜੋਂ, ਇਹ ਅਯੋਗ ਲਾਭਪਾਤਰੀ ਦੂਜੇ ਇੰਦਰਾਜ ਦੇ ਵਿਰੁੱਧ ਵਿੱਤੀ ਸਹਾਇਤਾ ਪ੍ਰਪਾਤ ਕਰਦੇ ਰਹੇ। ਅਪ੍ਰੈਲ 2017 ਤੋਂ ਜੁਲਾਈ 2020 ਦੀ ਮਿਆਦ ਦੇ ਦੌਰਾਨ ਨਮੂਨਾ ਜਾਂਚ ਕੀਤੇ ਛੇ ਜ਼ਿਲ੍ਹਿਆਂ ਵਿੱਚ ਓ ਏ ਪੀ ਸਕੀਮ ਅਧੀਨ 302 ਅਯੋਗ ਲਾਭਪਾਤਰੀਆਂ ਅਤੇ ਐਫ ਏ ਡਬਲਿਊ ਡੀ ਡਬਲਿਊ ਸਕੀਮ ਦੇ ਅਧੀਨ 58 ਅਯੋਗ ਲਾਭਪਾਤਰੀਆਂ ਨੂੰ ਦਿੱਤੀ ਗਈ ਸੰਭਾਵੀ ਵਿੱਤੀ ਸਹਾਇਤਾ ₹ 73.99 ਲੱਖ ਅਤੇ ₹ 13.54 ਲੱਖ ਆਂਕੀ ਗਈ ਸੀ, ਜਿਵੇਂ ਕਿ ਕ੍ਰਮਵਾਰ **ਸਾਰਣੀ** 3.5 (ੳ) ਅਤੇ **ਸਾਰਣੀ** 3.5 (ਅ) ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.5 (ੳ): ਅਯੋਗ ਲਾਭਪਾਤਰੀਆਂ ਦੇ ਵੇਰਵੇ ਜਿਨ੍ਹਾਂ ਨੂੰ ਅਪ੍ਰੈਲ 2017 ਤੋਂ ਜੁਲਾਈ 2020 ਤੱਕ ੳ ਏ ਪੀ ਸਕੀਮ ਅਧੀਨ ਡੁਪਲੀਕੇਟ ਇੰਦਰਾਜ਼ ਦੇ ਵਿਰੁੱਧ ਵਿੱਤੀ ਸਹਾਇਤਾ ਦਿੱਤੀ ਗਈ ਸੀ**

| ਲੜੀ ਨੰ. | ਜ਼ਿਲ੍ਹੇ ਦਾ ਨਾਂਅ | ਡੁਪਲੀਕੇਟ ਲਾਭਪਾਤਰੀਆਂ ਦੀ ਸੰਖਿਆ | | | ਰਾਸ਼ੀ (₹ ਲੱਖ ਵਿੱਚ) | ਸਮਾਂ ਜਦੋਂ ਐਫ ਏ ਰੋਕੀ ਗਈ |
|---|---|---|---|---|---|---|
| | | ਮੌਤ ਦੇ ਮਾਮਲੇ | ਹੋਰ | ਜੋੜ | | |
| 1. | ਫਤਿਹਗੜ੍ਹ ਸਾਹਿਬ | 7 | 13 | 20 | 4.78 | ਮਈ 2016-ਮਈ 2020 |
| 2. | ਲੁਧਿਆਣਾ | 36 | 120 | 156 | 40.50 | ਅਗਸਤ 2016-ਅਗਸਤ 2019 |
| 3. | ਪਟਿਆਲਾ | 14 | 0 | 14 | 1.65 | ਅਪ੍ਰੈਲ 2017-ਮਈ 2020 |
| 4. | ਰੂਪਨਗਰ | 1 | 28 | 29 | 7.10 | ਮਾਰਚ 2017- ਅਪ੍ਰੈਲ 2020 |
| 5. | ਐਸ ਬੀ ਐਸ ਨਗਰ | 10 | 32 | 42 | 10.16 | ਦਸੰਬਰ 2017- ਜੁਲਾਈ 2019 |
| 6. | ਐਸ ਏ ਐਸ ਨਗਰ | 0 | 41 | 41 | 9.80 | ਅਕਤੂਬਰ 2017-ਫਰਵਰੀ 2020 |
| **ਜੋੜ** | | **68** | **234** | **302** | **73.99** | |

*ਸ੍ਰੋਤ: ਵਿਭਾਗੀ ਡਾਟਾ*

**ਸਾਰਣੀ 3.5 (ਅ): ਅਯੋਗ ਲਾਭਪਾਤਰੀਆਂ ਦੇ ਵੇਰਵੇ ਜਿਨ੍ਹਾਂ ਨੂੰ ਅਪ੍ਰੈਲ 2017 ਤੋਂ ਜੁਲਾਈ 2020 ਤੱਕ ਐਫ ਏ ਡਬਲਿਊ ਡੀ ਡਬਲਿਊ ਸਕੀਮ ਅਧੀਨ ਡੁਪਲੀਕੇਟ ਇੰਦਰਾਜ਼ ਵਿਰੁੱਧ ਵਿੱਤੀ ਸਹਾਇਤਾ ਦਿੱਤੀ ਗਈ ਸੀ**

| ਲੜੀ ਨੰ. | ਜ਼ਿਲ੍ਹੇ ਦਾ ਨਾਂਅ | ਡੁਪਲੀਕੇਟ ਲਾਭਪਾਤਰੀਆਂ ਦੀ ਸੰਖਿਆ | | | ਰਾਸ਼ੀ (₹ ਲੱਖ ਵਿੱਚ) | ਸਮਾਂ ਜਦੋਂ ਐਫ ਏ ਰੋਕੀ ਗਈ |
|---|---|---|---|---|---|---|
| | | ਮੌਤ ਦੇ ਮਾਮਲੇ | ਹੋਰ | ਜੋੜ | | |
| 1. | ਫਤਿਹਗੜ੍ਹ ਸਾਹਿਬ | 3 | 1 | 4 | 0.98 | ਅਕਤੂਬਰ 2016 – ਦਸੰਬਰ 2018 |
| 2. | ਲੁਧਿਆਣਾ | 3 | 29 | 32 | 8.10 | ਅਗਸਤ 2016 – ਅਗਸਤ 2019 |
| 3. | ਪਟਿਆਲਾ | 4 | 0 | 4 | 0.24 | ਸਤੰਬਰ 2019 – ਮਈ 2020 |
| 4. | ਰੂਪਨਗਰ | 1 | 7 | 8 | 1.96 | ਮਾਰਚ 2017 – ਨਵੰਬਰ 2017 |
| 5. | ਐਸ ਬੀ ਐਸ ਨਗਰ | 0 | 5 | 5 | 1.23 | ਦਸੰਬਰ 2017 – ਜਨਵਰੀ 2018 |
| 6. | ਐਸ ਏ ਐਸ ਨਗਰ | 0 | 5 | 5 | 1.03 | ਅਕਤੂਬਰ 2017 – ਜੁਲਾਈ 2020 |
| **ਜੋੜ** | | **11** | **47** | **58** | **13.54** | |

*ਸ੍ਰੋਤ: ਵਿਭਾਗੀ ਡਾਟਾ*

ਡੀ ਐਸ ਐਸ ਓ, ਫਤਿਹਗੜ੍ਹ ਨੇ ਕਿਹਾ (ਅਪ੍ਰੈਲ 2021) ਕਿ ਪੋਰਟਲ ਤੇ ਉਪਰੋਕਤ ਮਾਮਲਿਆਂ ਨੂੰ ਅਣਜਾਣੇ ਵਿੱਚ ਮੌਤ ਦੇ ਮਾਮਲਿਆਂ ਵਜੋਂ ਦਰਸਾਇਆ ਗਿਆ ਸੀ। ਜਦੋਂਕਿ, ਹੋਰ ਡੁਪਲੀਕੇਟ ਮਾਮਲਿਆਂ ਦੇ ਸਬੰਧ ਵਿੱਚ ਉੱਤਰ ਦੇਣ ਤੋਂ ਇਲਾਵਾ ਲੇਖਾ ਪ੍ਰੀਖਿਆ ਨੂੰ ਉੱਤਰ ਦੀ ਸਹਾਇਤਾ ਵਿੱਚ ਕੋਈ ਦਸਤਾਵੇਜ ਪੇਸ਼ ਨਹੀਂ ਕੀਤੇ ਸਨ। ਬਾਕੀ ਰਹਿੰਦੇ ਨਮੂਨਾਂ ਜਾਂਚ ਕੀਤੇ ਜ਼ਿਲ੍ਹਿਆਂ ਦੇ ਡੀ ਐਸ ਐਸ ਓਜ਼ ਨੇ ਕਿਹਾ (ਨਵੰਬਰ 2020-ਮਾਰਚ 2021) ਕਿ ਤੱਥਾਂ ਦੀ ਜਾਂਚ ਉਪਰੰਤ ਲੋੜੀਂਦਾ ਉੱਤਰ/ਕਾਰਵਾਈ/ਵਸੂਲੀ ਕੀਤੀ ਜਾਵੇਗੀ।

**(ii)** ਪੰਜਾਬ ਨਿਯਮਾਵਲੀ, 1996 ਵਿੱਚ ਆਸ਼੍ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਹੋਰ ਗੱਲਾਂ ਦੇ ਨਾਲ, ਵੱਧ ਤੋਂ ਵੱਧ ਦੋ ਬੱਚਿਆਂ, ਜਿਨ੍ਹਾਂ ਦੀ ਉਮਰ 21 ਸਾਲ ਤੋਂ ਘੱਟ ਹੈ ਜਿਹਨਾਂ ਦੇ ਮਾਪਿਆਂ ਦੀ ਮੌਤ ਹੋ ਗਈ/ਅਪਾਹਜ ਹਨ/ਆਪਣੀ ਰੋਜ਼ੀ ਰੋਟੀ ਕਮਾਉਣ ਵਿੱਚ ਅਸਮਰੱਥ ਹਨ, ਨੂੰ ₹ 500/-

ਪ੍ਰਤੀ ਮਹੀਨਾ (ਜੂਨ 2017 ਤੱਕ) ਅਤੇ ₹ 750/- ਪ੍ਰਤੀ ਮਹੀਨਾ (ਜੁਲਾਈ 2017 ਤੋਂ) ਵਿੱਤੀ ਸਹਾਇਤਾ ਪ੍ਰਦਾਨ ਕਰਨ ਦਾ ਉਪਬੰਧ ਕਰਦੀ ਹੈ।

ਛੇ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ ਐਫ ਏ ਡੀ ਸੀ ਸਕੀਮ ਦੇ ਸਬੰਧ ਵਿੱਚ ਡਾਟੇ ਦੀ ਜਾਂਚ ਨੇ ਦਰਸਾਇਆ ਕਿ ਚਾਰ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ 651 ਮਾਮਲੇ ਕ੍ਰਿਆਸ਼ੀਲ ਦਿਖਾਏ ਗਏ, ਉਪਰੋਕਤ ਨਿਯਮਾਂ ਦੀ ਉਲਘੰਣਾ ਵਿੱਚ 21 ਸਾਲਾਂ ਦੀ ਉਮਰ ਪੂਰੀ ਹੋਣ ਤੋਂ ਬਾਅਦ ਵੀ ₹ 72.12 ਲੱਖ[21] ਦੀ ਵਿੱਤੀ ਸਹਾਇਤਾ ਵੰਡੀ ਗਈ ਸੀ (ਅਪ੍ਰੈਲ 2017 ਤੋਂ ਜੁਲਾਈ 2020)। ਸਬੰਧਤ ਡੀ ਐਸ ਐਸ ਓਜ਼ ਨੇ ਦੱਸਿਆ (ਨਵੰਬਰ 2020-ਮਾਰਚ 2021) ਕਿ ਤੱਥਾਂ ਦੀ ਜਾਂਚ ਕਰਨ ਤੋਂ ਬਾਅਦ ਲੋੜੀਂਦਾ ਜਵਾਬ/ਕਾਰਵਾਈ/ਵਸੂਲੀ ਲਾਗੂ ਕੀਤੀ ਜਾਵੇਗੀ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਵਾਧੂ ਭੁਗਤਾਨ ਤੋਂ ਬਚਣ ਅਤੇ ਅੰਤਰ ਨੂੰ ਤੁਰੰਤ ਠੀਕ ਕਰਨ ਲਈ ਲਾਭਪਾਤਰੀਆਂ ਦੇ ਮਾਸਟਰ ਡਾਟਾਬੇਸ ਵਿੱਚ ਡੁਪਲੀਕੇਟ ਰਿਕਾਰਡ ਦੀ ਜਾਂਚ ਕਰਨ ਲਈ ਸਾਰੇ ਡੀ ਐਸ ਐਸ ਓਜ਼ ਨੂੰ ਹਦਾਇਤ ਕੀਤੀ ਗਈ ਸੀ। ਇਹ ਵੀ ਜੋੜਿਆ ਗਿਆ ਸੀ ਕਿ ਪੀ ਐਫ ਐਮ ਐਸ ਪੋਰਟਲ ਤੋਂ ਲਾਗੂ ਕਰਨ ਤੋਂ ਬਾਅਦ ਡੁਪਲੀਕੇਟ/ਫਰਜ਼ੀ ਲਾਭਪਾਤਰੀਆਂ ਦੇ ਮਾਮਲੇ ਸਮਾਪਤ ਹੋ ਜਾਣਗੇ।

## 3.7 ਓ ਏ ਪੀ ਅਤੇ ਐਫ ਏ ਡਬਲਿਊ ਡੀ ਡਬਲਿਊ ਦੋਵੇਂ ਸਕੀਮਾਂ ਅਧੀਨ ਮਹਿਲਾ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਵੰਡ

ਰਾਜ ਦੁਆਰਾ ਤਿਆਰ ਕੀਤੇ ਗਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਇੱਕ ਬਿਨੈਕਾਰ ਸਿਰਫ ਇੱਕ ਕਿਸਮ ਦੀ ਸਮਾਜਿਕ ਸੁਰੱਖਿਆ ਪੈਨਸ਼ਨ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ ਅਤੇ ਬਿਨੈਕਾਰਾਂ ਨੂੰ ਉਹ ਸਕੀਮ ਚੁਣਨ ਦੀ ਜਰੂਰਤ ਹੈ ਜਿਸ ਲਈ ਉਹ ਅਰਜ਼ੀ ਦੇ ਰਹੇ ਹਨ।

ਪੀ ਬੀ ਐਮ ਐਸ ਵਿੱਚ ਰੱਖੇ ਜਾ ਰਹੇ ਮਾਸਟਰ ਡਾਟੇ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਇੱਕੋ ਪਿੰਡ, ਬਲਾਕ ਅਤੇ ਜ਼ਿਲ੍ਹੇ ਵਿੱਚ ਰਹਿਣ ਵਾਲੀਆਂ 2,226 ਮਹਿਲਾ ਲਾਭਪਾਤਰੀਆਂ ਜਿਨ੍ਹਾਂ ਦੇ ਨਾਂਅ, ਪਿਤਾ ਦਾ ਨਾਂਅ, ਆਧਾਰ ਨੰਬਰ ਅਤੇ/ਜਾਂ ਬੈਂਕ ਖਾਤਾ ਨੰਬਰ (ਸਿਰਫ ਪਿਛਲੇ ਚਾਰ ਅੰਕ) ਇੱਕੋਂ ਹਨ, ਉਪਰੋਕਤ ਉਪਬੰਧਾਂ ਦੀ ਉਲੰਘਣਾ ਵਿੱਚ ਓ ਏ ਪੀ ਅਤੇ ਐਫ ਏ ਡਬਲਿਊ ਡੀ ਡਬਲਿਊ ਸਕੀਮ ਦੋਵਾਂ ਵਿੱਚ ਵਿੱਤੀ ਸਹਾਇਤਾ ਦਾ ਲਾਭ ਲੈ ਰਹੇ ਸਨ। ਇਨ੍ਹਾਂ ਮਾਮਲਿਆਂ ਵਿੱਚ ਵਿੱਤੀ ਸਹਾਇਤਾ ਜਨਵਰੀ 1996 ਅਤੇ ਜੂਨ 2020 ਦੌਰਾਨ ਮਨਜ਼ੂਰ ਕੀਤੀ ਗਈ ਸੀ। ਇਹ ਦਰਸਾਉਂਦਾ ਹੈ ਕਿ ਐਪਲੀਕੇਸ਼ਨ ਵਿੱਚ ਕਿਸੇ ਹੋਰ ਸਮਾਜਿਕ ਸੁਰੱਖਿਆ ਸਕੀਮਾਂ ਵਿੱਚ ਉਸੇ ਲਾਭਪਾਤਰੀ ਨੂੰ ਵਿੱਤੀ ਸਹਾਇਤਾ ਨੂੰ ਸੀਮਤ ਕਰਨ ਲਈ ਲੋੜੀਂਦੇ ਪ੍ਰਮਾਣਿਕਤਾ ਨਿਯੰਤਰਣਾਂ ਦੀ ਘਾਟ ਸੀ।

---

[21] (i) ਪਟਿਆਲਾ: ₹ 44.06 ਲੱਖ (295 ਮਾਮਲੇ); (ii) ਰੂਪਨਗਰ: ₹ 5.97 ਲੱਖ (144 ਮਾਮਲੇ); (iii) ਐਸ ਏ ਐਸ ਨਗਰ: ₹ 0.98 ਲੱਖ (04 ਮਾਮਲੇ); ਅਤੇ (iv) ਐਸ ਬੀ ਐਸ ਨਗਰ: ₹ 21.11 ਲੱਖ (208 ਮਾਮਲੇ)। ਦੋ ਜ਼ਿਲ੍ਹੇ ਭਾਵ ਫਤਿਹਗੜ੍ਹ ਸਾਹਿਬ ਅਤੇ ਲੁਧਿਆਣਾ ਵਿੱਚ ਅਜਿਹੇ ਕੋਈ ਮਾਮਲੇ ਧਿਆਨ ਵਿੱਚ ਨਹੀਂ ਆਏ ਸੀ।

ਨਮੂਨਾ ਜਾਂਚ ਕੀਤੇ ਛੇ ਜ਼ਿਲ੍ਹਿਆਂ ਵਿੱਚ ਓ ਏ ਪੀ ਅਤੇ ਐਫ ਏ ਡਬਲਿਊ ਡੀ ਡਬਲਿਊ ਦੋਵੇਂ ਸਕੀਮਾਂ ਅਧੀਨ 01 ਅਤੇ 38 ਮਹੀਨਿਆਂ ਦੇ ਸਮੇਂ ਵਿੱਚਕਾਰ 213 ਮਹਿਲਾ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਸੰਭਾਵੀ ਵੰਡ ਅਪ੍ਰੈਲ 2017 ਤੋਂ ਜੁਲਾਈ 2020 ਦੌਰਾਨ ₹ 37.32 ਲੱਖ ਆਂਕੀ ਗਈ ਸੀ ਜਿਵੇਂ ਕਿ **ਸਾਰਣੀ 3.6** ਵਿੱਚ ਦਰਸਾਇਆ ਗਿਆ।

**ਸਾਰਣੀ 3.6: ਮਹਿਲਾ ਲਾਭਪਾਤਰੀਆਂ ਦੇ ਵੇਰਵੇ ਜਿਨ੍ਹਾਂ ਨੂੰ ਛੇ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ ਓ ਏ ਪੀ ਅਤੇ ਐਫ ਏ ਡਬਲਿਊ ਡੀ ਡਬਲਿਊ ਦੋਵਾਂ ਸਕੀਮਾਂ ਅਧੀਨ ਅਪ੍ਰੈਲ 2017 ਤੋਂ ਜੁਲਾਈ 2020 ਦੌਰਾਨ ਵਿੱਤੀ ਸਹਾਇਤਾ ਦਿੱਤੀ ਗਈ ਸੀ**

| ਲੜੀ ਨੰ. | ਜ਼ਿਲ੍ਹੇ ਦਾ ਨਾਂਅ | ਲਾਭਪਾਤਰੀਆਂ ਦੀ ਸੰਖਿਆ | ਸਮਾਂ (ਮਹੀਨਿਆਂ ਵਿੱਚ) | ਰਾਸ਼ੀ (₹ ਲੱਖ ਵਿੱਚ) |
|---|---|---|---|---|
| 1. | ਫਤਿਹਗੜ੍ਹ ਸਾਹਿਬ | 20 | 4-33 | 4.37 |
| 2. | ਲੁਧਿਆਣਾ | 37 | 4-38 | 6.49 |
| 3. | ਪਟਿਆਲਾ | 124 | 1-33 | 19.42 |
| 4. | ਰੂਪਨਗਰ | 11 | 7-33 | 2.33 |
| 5. | ਐਸ ਬੀ ਐਸ ਨਗਰ | 14 | 4-33 | 3.18 |
| 6. | ਐਸ ਏ ਐਸ ਨਗਰ | 7 | 10-33 | 1.53 |
| **ਜੋੜ** | | **213** | **1-38** | **37.32** |

*ਸ੍ਰੋਤ: ਵਿਭਾਗੀ ਡਾਟਾ*

ਡੀ ਐਸ ਐਸ ਓ ਫਤਿਹਗੜ੍ਹ ਸਾਹਿਬ ਨੇ 13 ਮਾਮਲਿਆਂ ਦੇ ਸਬੰਧ ਵਿੱਚ ਤੱਥਾਂ ਦੀ ਪੁਸ਼ਟੀ ਕਰਦੇ ਹੋਏ ਕਿਹਾ (ਅਪ੍ਰੈਲ 2021) ਕਿ ਇਸ ਸਬੰਧ ਵਿੱਚ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਸੀ ਇਹ ਵੀ ਜੋੜਿਆ ਗਿਆ ਸੀ ਕਿ ਤਕਨੀਕੀ ਗਲਤੀ ਕਾਰਣ 07 ਮਾਮਲਿਆਂ ਨੂੰ ਡੁਪਲੀਕੇਟ ਵਜੋ ਦਿਖਾਇਆ ਜਾ ਰਿਹਾ ਸੀ, ਜਦੋਂਕਿ, ਅਸਲ ਵਿੱਚ ਇਹ ਅਲਗ ਵਿਅਕਤੀਆਂ ਨਾਲ ਸਬੰਧਤ ਸਨ। ਪ੍ਰੰਤੂ, ਇਸ ਸਬੰਧ ਵਿੱਚ ਲੇਖਾ ਪ੍ਰੀਖਿਆ ਨੂੰ ਕੋਈ ਸਹਾਇਕ ਦਸਤਾਵੇਜ਼ ਨਹੀਂ ਪੇਸ਼ ਕੀਤੇ ਗਏ ਸਨ। ਨਮੂਨਾ ਜਾਂਚ ਕੀਤੇ ਬਾਕੀ ਰਹਿੰਦੇ ਜ਼ਿਲ੍ਹਿਆਂ ਨੇ ਡੀ ਐਸ ਐਸ ਓਜ਼ ਨੇ ਕਿਹਾ (ਨਵਬੰਰ 2020-ਮਾਰਚ 2021) ਕਿ ਤੱਥਾਂ ਦੀ ਜਾਂਚ ਕਰਨ ਉਪਰੰਤ ਉੱਤਰ ਦਿੱਤਾ ਜਾਵੇਗਾ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਵਾਧੂ ਭੁਗਤਾਨ ਤੋਂ ਬਚਣ ਅਤੇ ਅੰਤਰ ਨੂੰ ਤੁਰੰਤ ਸਹੀ ਕਰਨ ਲਈ ਲਾਭਪਾਤਰੀਆਂ ਦੇ ਮਾਸਟਰ ਡਾਟਾਬੇਸ ਵਿੱਚ ਡੁਪਲੀਕੇਟ ਰਿਕਾਰਡ ਦੀ ਜਾਂਚ ਕਰਨ ਲਈ ਸਾਰੇ ਡੀ ਐਸ ਐਸ ਓਜ਼ ਨੂੰ ਹਦਾਇਤ ਕੀਤੀ ਗਈ ਸੀ। ਇਹ ਵੀ ਜੋੜਿਆ ਗਿਆ ਸੀ ਕਿ ਪੀ ਐਫ ਐਮ ਐਸ ਪੋਰਟਲ ਦੇ ਲਾਗੂ ਕਰਨ ਦੇ ਬਾਅਦ ਡੁਪਲੀਕੇਟ/ਫਰਜ਼ੀ ਲਾਭਪਾਤਰੀਆਂ ਦੇ ਮਾਮਲੇ ਸਮਾਪਤ ਹੋ ਜਾਣਗੇ।

**ਡੀ ਐਸ ਐਸ ਡਬਲਿਊ ਸੀ ਡੀ ਕਿਸੇ ਹੋਰ ਸਮਾਜਿਕ ਸੁਰੱਖਿਆ ਸਕੀਮ ਵਿੱਚ ਇੱਕੋਂ ਲਾਭਪਾਤਰੀ ਨੂੰ ਸੀਮਤ ਕਰਨ ਲਈ ਐਪਲੀਕੇਸ਼ਨ ਵਿੱਚ ਲੋੜੀਂਦੇ ਪ੍ਰਮਾਣਿਕਤਾ ਨਿਯੰਤਰਣਾਂ ਨੂੰ ਸ਼ਾਮਲ ਕਰਨ ਨੂੰ ਯਕੀਨੀ ਬਣਾ ਸਕਦਾ ਹੈ।**

## 3.8 ਵਿੱਤੀ ਸਹਾਇਤਾ ਦੇ ਅਯੋਗ ਭੁਗਤਾਨ ਦੀ ਵਸੂਲੀ ਨਾ ਹੋਣਾ

ਪੰਜਾਬ ਸਰਕਾਰ (ਜੀ ਓ ਪੀ) ਨੇ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਸਮਾਜਿਕ ਸੁਰੱਖਿਆ ਸਕੀਮਾਂ ਜਿਵੇਂ ਕਿ ਓ ਏ ਪੀ, ਐਫ ਏ ਡਬਲਿਊ ਡੀ ਡਬਲਿਊ, ਐਫ ਏ ਡੀ ਸੀ ਅਤੇ ਐਫ ਏ ਡੀ ਪੀ[22] ਦੇ ਸੋਧੇ ਹੋਏ ਦਿਸ਼ਾ ਨਿਰਦੇਸ਼ਾਂ/ਯੋਗਤਾ ਸ਼ਰਤਾਂ ਅਧੀਨ ਆਉਂਦੇ ਸਾਰੇ ਲਾਭਪਾਤਰੀਆਂ ਦੀ ਯੋਗਤਾ ਦੀ ਸਮੀਖਿਆ ਕਰਨ ਦੇ ਨਿਰਦੇਸ਼ ਦਿੱਤੇ (ਜੂਨ 2017)। ਇਸ ਤੋਂ ਇਲਾਵਾ, ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਜਾਰੀ ਨੋਟੀਫਿਕੇਸ਼ਨ (ਜੂਨ 2017) ਹੋਰ ਗੱਲਾਂ ਦੇ ਨਾਲ ਨਾਲ, ਇਹ ਵੀ ਉਪਬੰਧ ਕਰਦੀ ਹੈ ਕਿ ਜੇ ਲਾਭਪਾਤਰੀਆਂ ਦੇ ਪ੍ਰਮਾਣ ਪੱਤਰ ਗਲਤ ਪਾਏ ਗਏ ਤਾਂ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਅਤੇ ਆਯੋਗ ਲਾਭਪਾਤਰੀਆਂ ਦੇ ਵਿਰੁੱਧ ਉੱਚਿਤ ਕਾਰਵਾਈ ਤੋਂ ਇਲਾਵਾ ਲਾਭਪਾਤਰੀਆਂ ਤੋਂ ਭੋਂ-ਮਾਲੀਆਂ ਐਕਟ ਦੇ ਅਧੀਨ ਵਸੂਲੀ ਕੀਤੀ ਜਾਵੇਗੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਜੀ ਓ ਪੀਜ਼ ਦੀਆਂ ਹਦਾਇਤਾਂ (ਜੂਨ 2017) ਅਨੁਸਾਰ ਲਾਭਪਾਤਰੀਆਂ ਦੀ ਸਮੀਖਿਆ ਕਰਨ ਤੋਂ ਬਾਅਦ, ਡੀ ਐਸ ਐਸ ਡਬਲਿਊ ਸੀ ਡੀ ਨੇ ਚਾਰ ਸਮਾਜਿਕ ਸੁਰੱਖਿਆ ਸਕੀਮਾਂ ਦੇ ਅਧੀਨ, ₹ 162.35 ਕਰੋੜ ਦੀ ਵਸੂਲੀ ਦਾ ਸੰਕੇਤ ਕਰਦੇ ਹੋਏ 70,137 ਲਾਭਪਾਤਰੀ ਅਯੋਗ[23] ਪਾਏ ਗਏ। ਇਨ੍ਹਾਂ ਵਿੱਚੋਂ ₹ 157.17 ਕਰੋੜ ਦੀ ਰਾਸ਼ੀ ਦੇ 68,307 ਅਯੋਗ ਲਾਭਪਾਤਰੀ ਤਿੰਨ ਚੁਣੀਆਂ ਗਈਆਂ ਸਕੀਮਾਂ ਨਾਲ ਸਬੰਧਤ ਸਨ। ਜੁਲਾਈ 2021 ਤੱਕ 68,307 ਅਯੋਗ ਲਾਭਪਾਤਰੀਆਂ ਤੋਂ ਵਸੂਲਣਯੋਗ ₹ 157.17 ਕਰੋੜ ਦੀ ਵਿੱਤੀ ਸਹਾਇਤਾ ਦੀ ਰਾਸ਼ੀ ਵਿੱਚੋਂ ਸਿਰਫ 0.52 *ਪ੍ਰਤੀਸ਼ਤ* (ਭਾਵ ₹ 0.81 ਕਰੋੜ) ਵਸੂਲ ਕੀਤੇ ਗਏ ਸਨ, ਬਕਾਇਆ ₹ 156.36 ਕਰੋੜ ਅਜੇ ਵੀ ਵਸੂਲ ਕੀਤੇ ਜਾਣੇ ਬਾਕੀ ਹਨ। ਜਦੋਂਕਿ, ਨੋਟੀਫਿਕੇਸ਼ਨ (ਜੂਨ 2017) ਅਨੁਸਾਰ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਅਤੇ ਅਯੋਗ ਲਾਭਪਾਤਰੀਆਂ ਦੇ ਵਿਰੁੱਧ ਕੀਤੀ ਗਈ ਕਾਰਵਾਈ, ਜੇ ਕੋਈ ਹੋਵੇ, ਨੂੰ ਵਿਭਾਗ ਦੁਆਰਾ ਸੂਚਿਤ ਨਹੀਂ ਕੀਤਾ ਗਿਆ (ਜੁਲਾਈ 2021)।

ਜੁਲਾਈ 2021 ਤੱਕ ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ 10,327 ਅਯੋਗ ਲਾਭਪਾਤਰੀਆਂ ਤੋਂ ਵਸੂਲਣਯੋਗ ₹ 27.20 ਕਰੋੜ ਦੀ ਵਿੱਤੀ ਸਹਾਇਤਾ ਦੀ ਅਯੋਗ ਰਾਸ਼ੀ ਵਿੱਚੋਂ ਸਿਰਫ 1.21 *ਪ੍ਰਤੀਸ਼ਤ* ਰਾਸ਼ੀ (ਭਾਵ ₹ 0.33 ਕਰੋੜ) ਵਸੂਲੀ ਕੀਤੀ ਗਈ ਸੀ, ਤਿੰਨ ਸਮਾਜਿਕ ਸੁੱਰਖਿਆ ਸਕੀਮਾਂ ਅਧੀਨ ਬਕਾਇਆ ₹ 26.87 ਕਰੋੜ ਅਜੇ ਵੀ ਵਸੂਲੀ ਕੀਤੀ ਜਾਣੀ ਸੀ, ਜਿਵੇਂ ਕਿ **ਸਾਰਣੀ** 3.7 ਵਿੱਚ ਚਰਚਾ ਕੀਤੀ ਗਈ ਹੈ।

---

[22] ਅਪਾਹਜ ਵਿਅਕਤੀਆਂ ਨੂੰ ਵਿੱਤੀ ਸਹਾਇਤਾ।

[23] ਨਿਯਮਾਂ ਅਧੀਨ ਨਿਰਧਾਰਤ ਉਮਰ ਨਾਲੋਂ ਘੱਟ ਉਮਰ (36,617 ਮਾਮਲੇ); ਨਿਯਮਾਂ ਅਧੀਨ ਨਿਰਧਾਰਤ ਆਮਦਨ ਨਾਲੋਂ ਵੱਧ ਆਮਦਨ (7,852 ਮਾਮਲੇ); ਅਤੇ ਨਿਯਮਾਂ ਅਧੀਨ ਨਿਰਧਾਰਤ ਜ਼ਮੀਨ ਨਾਲੋਂ ਵੱਧ ਜ਼ਮੀਨ ਤੇ ਕਬਜ਼ਾ (25,668 ਮਾਮਲੇ)।

**ਸਾਰਣੀ 3.7: ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਤਿੰਨ ਸਮਾਜਿਕ ਸੁਰੱਖਿਆ ਸਕੀਮਾਂ ਸਬੰਧੀ ਅਯੋਗ ਲਾਭਪਾਤਰੀਆਂ ਤੋਂ ਵਿੱਤੀ ਸਹਾਇਤਾ ਦੀ ਵਸੂਲਣਯੋਗ ਅਯੋਗ ਰਾਸ਼ੀ**

*(₹ ਕਰੋੜ ਵਿੱਚ)*

| ਲੜੀ ਨੰ. | ਜ਼ਿਲ੍ਹੇ ਦਾ ਨਾਂਅ | ਅਯੋਗ ਲਾਭਪਾਤਰੀਆਂ ਦੀ ਸੰਖਿਆ | ਵਸੂਲਣਯੋਗ ਰਾਸ਼ੀ | ਵਸੂਲ ਕੀਤੀ ਰਾਸ਼ੀ (*ਪ੍ਰਤੀਸ਼ਤ*) | ਬਕਾਇਆ ਰਾਸ਼ੀ |
|---|---|---|---|---|---|
| 1. | ਫਤਿਹਗੜ੍ਹ ਸਾਹਿਬ | 469 | 0.93 | 0.12 (12.90) | 0.81 |
| 2. | ਲੁਧਿਆਣਾ | 1,871 | 4.25 | 0.08 (1.88) | 4.17 |
| 3. | ਪਟਿਆਲਾ | 6,456 | 19.40 | 0.01 (0.05) | 19.39 |
| 4. | ਰੂਪਨਗਰ | 629 | 1.66 | 0.05 (3.01) | 1.61 |
| 5. | ਐਸ ਬੀ ਐਸ ਨਗਰ | 204 | 0.65 | 0.05 (7.69) | 0.60 |
| 6. | ਐਸ ਏ ਐਸ ਨਗਰ | 698 | 0.31 | 0.02 (6.45) | 0.29 |
| **ਜੋੜ** | | **10,327** | **27.20** | **0.33 (1.21)** | **26.87** |

*ਸ੍ਰੋਤ: ਵਿਭਾਗੀ ਡਾਟਾ*

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਬਕਾਇਆਂ ਦੀ ਤੇਜ਼ੀ ਨਾਲ ਵਸੂਲੀ ਲਈ ਡੀ ਐਸ ਐਸ ਓਜ਼ ਨੂੰ ਹਦਾਇਤਾ ਜਾਰੀ ਕੀਤੀਆਂ ਗਈਆਂ ਸੀ ਅਤੇ ਇਸ ਸਬੰਧੀ ਪਾਲਣਾ ਦੀ ਨਿਗਰਾਨੀ ਕੀਤੀ ਜਾ ਰਹੀ ਸੀ।

## 3.9 ਯੋਗ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਤੋਂ ਇਨਕਾਰ

ਪ੍ਰਚਲਿਤ ਨਿਯਮਾਂ[24] ਅਨੁਸਾਰ ਡੀ ਐਸ ਐਸ ਡਬਲਿਊ ਸੀ ਡੀ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਤਿੰਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਜਿਵੇਂ ਕਿ ਓ ਏ ਪੀ, ਐਫ ਏ ਡਬਲਿਊ ਡੀ ਡਬਲਿਊ ਅਤੇ ਐਫ ਏ ਡੀ ਸੀ ਲਈ ਯੋਗ ਲਾਭਪਾਤਰੀਆਂ ਨੂੰ ₹ 500/- ਪ੍ਰਤੀ ਮਹੀਨਾ (ਜੂਨ 2017 ਤੱਕ) ਅਤੇ ₹ 750/- ਪ੍ਰਤੀ ਮਹੀਨਾ (ਜੁਲਾਈ 2017 ਤੋਂ) ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਣੀ ਸੀ।

**(i)** ਲੇਖਾ ਪ੍ਰੀਖਿਆ ਨੇ ਦੇਖਿਆ ਕਿ ਜੀ ਓ ਪੀਜ਼ ਦੀਆਂ ਹਦਾਇਤਾਂ (ਜੂਨ 2017) ਅਨੁਸਾਰ ਲਾਭਪਾਤਰੀਆਂ ਦੀ ਜਾਂਚ ਦੇ ਨਤੀਜੇ ਵਜੋਂ ਜਿਵੇਂ ਕਿ ਪਿਛਲੇ ਪੈਰ੍ਹੇ ਵਿੱਚ ਦੱਸਿਆ ਗਿਆ ਹੈ, ਮਈ ਤੋਂ ਨਵੰਬਰ 2017 ਦੇ ਸਮੇਂ ਦੌਰਾਨ ਸਿਵਾਏ ਦਸ ਜ਼ਿਲ੍ਹਿਆਂ[25] ਦੇ ਨਗਰ ਨਿਗਮ (ਐਮ ਸੀ) ਖੇਤਰ ਦੇ ਕਿਸੇ ਵੀ ਯੋਗ ਲਾਭਪਾਤਰੀ ਨੂੰ ਰਾਜ ਵਿੱਚ ਕਿਸੇ ਵੀ ਸਮਾਜਿਕ ਸੁਰੱਖਿਆ ਸਕੀਮ ਦੇ ਅਧੀਨ ਵਿੱਤੀ ਸਹਾਇਤਾ ਨਹੀਂ ਦਿੱਤੀ ਗਈ ਸੀ।

---

[24] (i) ਪੰਜਾਬ ਬੁਢਾਪਾ ਪੈਨਸ਼ਨ ਨਿਯਮਾਵਲੀ, 1996; (ii) ਪੰਜਾਬ ਨਿਯਮਾਵਲੀ, 1996 ਵਿੱਚ ਵਿਧਵਾਵਾਂ ਅਤੇ ਬੇਸਹਾਰਾ ਮਹਿਲਾਵਾਂ ਨੂੰ ਵਿੱਤੀ ਸਹਾਇਤਾ; ਅਤੇ (iii) ਸਮੇਂ ਸਮੇਂ ਤੇ ਸੋਧੇ ਗਏ ਪੰਜਾਬ ਨਿਯਮ, 1996 ਵਿੱਚ ਆਸ਼੍ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ।

[25] (i) ਗੁਰਦਾਸਪੁਰ (ਜੁਲਾਈ ਅਤੇ ਅਗਸਤ 2017 ਦੇ ਮਹੀਨਿਆਂ ਲਈ ਭੁਗਤਾਨ ਕੀਤਾ ਗਿਆ); (ii) ਅੰਮ੍ਰਿਤਸਰ; (iii) ਬਠਿੰਡਾ; (iv) ਹੁਸ਼ਿਆਰਪੁਰ; (v) ਜਲੰਧਰ; (vi) ਲੁਧਿਆਣਾ; (vii) ਮੋਗਾ; (viii) ਪਠਾਨਕੋਟ; (ix) ਫਗਵਾੜਾ; ਅਤੇ (x) ਐਸ ਏ ਐਸ ਨਗਰ (ਮਈ ਤੋਂ ਸਤੰਬਰ 2017 ਦੇ ਮਹੀਨਿਆਂ ਲਈ ਭੁਗਤਾਨ ਕੀਤਾ ਗਿਆ)।

ਤਿੰਨ ਚੁਣੀਆਂ ਗਈਆਂ ਸਕੀਮਾਂ ਦੇ ਪੀ ਬੀ ਐਮ ਐਸ ਵਿੱਚ ਰੱਖੇ ਜਾ ਰਹੇ ਮਾਸਟਰ ਡਾਟੇ ਦੀ ਜਾਂਚ ਤੋਂ ਪਤਾ ਚੱਲਿਆ ਕਿ ਯੋਗ ਲਾਭਪਾਤਰੀਆਂ ਵਿੱਚੋਂ ਕਿਸੇ ਨੂੰ ਵੀ ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ (ਦੋ ਜ਼ਿਲ੍ਹਿਆਂ ਦੇ ਐਮ ਸੀ ਖੇਤਰ ਨੂੰ ਛੱਡ ਕੇ ਜਿਵੇਂ ਕਿ ਲੁਧਿਆਣਾ ਅਤੇ ਐਸ ਏ ਐਸ ਨਗਰ, ਜਿੱਥੇ ਮਈ ਤੋਂ ਸਤੰਬਰ 2017 ਤੱਕ ਦੋ ਮਹੀਨਿਆਂ ਦੀ ਅਦਾਇਗੀ ਕੀਤੀ ਗਈ ਸੀ) ਵਿੱਚ ਜਾਂਚ ਕੀਤੇ ਸਮੇਂ ਮਈ ਤੋਂ ਨਵੰਬਰ 2017 ਦੇ ਦੌਰਾਨ ਵਿੱਤੀ ਸਹਾਇਤਾ ਨਹੀਂ ਦਿੱਤੀ ਗਈ ਸੀ ਜਿਹੜੀ ਕਿ ₹ 204.03 ਕਰੋੜ ਸੀ ਜਿਵੇਂ ਕਿ **ਸਾਰਣੀ 3.8** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.8: ਮਈ ਤੋਂ ਨਵੰਬਰ 2017 ਦੌਰਾਨ ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਕੀਮਾਂ ਦੇ ਅਧੀਨ ਵਿੱਤੀ ਸਹਾਇਤਾ ਤੋਂ ਵਾਂਝੇ ਲਾਭਪਾਤਰੀ**

*(₹ ਕਰੋੜ ਵਿੱਚ)*

| ਲੜੀ ਨੰ. | ਜ਼ਿਲੇ ਦਾ ਨਾਂਅ | ਲਾਭਪਾਤਰੀਆਂ* ਦੀ ਸੰਖਿਆ (ਰੇਂਜ਼) | ਭੁਗਤਾਨਯੋਗ ਵਿੱਤੀ ਸਹਾਇਤਾ | ਭੁਗਤਾਨ ਕੀਤੀ ਗਈ ਵਿੱਤੀ ਸਹਾਇਤਾ | ਬਕਾਇਆ ਰਾਸ਼ੀ |
|---|---|---|---|---|---|
| 1. | ਫਤਿਹਗੜ੍ਹ ਸਾਹਿਬ | 40,110 – 41,538 | 19.44 | 0.00 | 19.44 |
| 2. | ਲੁਧਿਆਣਾ | 1,64,125 – 1,69,035 | 79.64 | 16.33 | 63.31 |
| 3. | ਪਟਿਆਲਾ | 1,19,162 – 1,32,271 | 58.59 | 0.00 | 58.59 |
| 4. | ਰੂਪਨਗਰ | 48,919 – 50,743 | 23.78 | 0.00 | 23.78 |
| 5. | ਐਸ ਬੀ ਐਸ ਨਗਰ | 48,055 – 49,225 | 23.06 | 0.00 | 23.06 |
| 6. | ਐਸ ਏ ਐਸ ਨਗਰ | 37,095 – 37,600 | 16.48 | 0.63 | 15.85 |
| **ਜੋੜ** | | **37,095 – 1,69,035** | **220.99** | **16.96** | **204.03** |

*ਸ੍ਰੋਤ: ਵਿਭਾਗੀ ਡਾਟਾ*

* *ਮਈ ਤੋਂ ਨਵੰਬਰ 2017 ਦੇ ਸਮੇਂ ਲਈ ਮਹੀਨਾ-ਵਾਰ ਤਿੰਨ ਚੁਣੀਆਂ ਗਈਆਂ ਸਕੀਮਾਂ ਅਧੀਨ ਕੁੱਲ ਲਾਭਪਾਤਰੀਆਂ ਦੀ ਰੇਂਜ਼, ਲਾਭਪਾਤਰੀਆਂ ਦੀ ਯੋਗਤਾ 'ਤੇ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਅਧੀਨ ਜਿਵੇ ਕਿ ਪੈਰ੍ਹੇ 3.5 ਤੋਂ 3.7 ਵਿੱਚ ਦੱਸਿਆ ਗਿਆ ਹੈ।*

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਜਾਂਚ ਦੀ ਪ੍ਰਕ੍ਰਿਆ ਵਿੱਚ ਯੋਗ ਪਾਏ ਗਏ ਲਾਭਪਾਤਰੀਆਂ ਨੂੰ ਅਦਾਇਗੀ ਕਰਨ ਲਈ ₹ 726.19 ਕਰੋੜ ਜਾਰੀ ਕਰਨ ਲਈ ਵਿੱਤ ਵਿਭਾਗ ਨੂੰ ਪਹੁੰਚ ਕੀਤੀ ਸੀ ਅਤੇ ਲਾਭਪਾਤਰੀਆਂ ਨੂੰ 2-3 ਮਹੀਨਿਆਂ ਦੇ ਅੰਦਰ ਅਦਾਇਗੀ ਕਰ ਦਿੱਤੀ ਜਾਵੇਗੀ। ਅੱਗੇ, ਵਿਭਾਗ ਦੇ ਉੱਤਰ/ਕਾਰਵਾਈ ਦੀ ਉਡੀਕ ਸੀ (ਅਕਤੂਬਰ 2021)।

**(ii)** ਪੀ ਬੀ ਐਮ ਐਸ ਵਿੱਚ ਰੱਖਿਆ ਜਾ ਰਿਹਾ ਮਾਸਟਰ ਡਾਟਾ ਜਿਸ ਵਿੱਚ ਕ੍ਰਿਆਸ਼ੀਲ ਲਾਭਪਾਤਰੀਆਂ ਦੀ ਸੂਚੀ (ਖਾਤੇ ਵਿੱਚ ਜੋੜਨ ਅਤੇ ਮਿਟਾਉਣ ਦੇ ਬਾਅਦ) ਅਤੇ ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਕੀਮਾਂ ਦੇ ਸਬੰਧ ਵਿੱਚ ਜੁਲਾਈ 2020 ਤੱਕ ਭੁਗਤਾਨ ਲਈ ਬੈਂਕਾਂ ਨੂੰ ਭੇਜੀ ਲਾਭਪਾਤਰੀਆਂ ਦੀ ਸੂਚੀ (ਐਕਸਲ ਫਾਰਮੈਟ ਵਿੱਚ) ਸ਼ਾਮਲ ਹੈ, ਨੇ ਦਰਸਾਇਆ ਕਿ ਕ੍ਰਿਆਸ਼ੀਲ ਲਾਭਪਾਤਰੀਆਂ ਤੋਂ ਇਲਾਵਾ ਜਿਨ੍ਹਾਂ ਨੂੰ ਮਈ-ਨਵੰਬਰ 2017 ਤੱਕ ਸੱਤ ਮਹੀਨਿਆਂ ਦੇ ਦੌਰਾਨ ਵਿੱਤੀ ਸਹਾਇਤਾ ਪ੍ਰਦਾਨ ਨਹੀਂ ਕੀਤੀ ਗਈ ਸੀ, ਜਿਵੇਂ ਕਿ ਪਿਛਲੇ

ਪੈਰ੍ਹੇ ਵਿੱਚ ਚਰਚਾ ਕੀਤੀ ਗਈ ਸੀ, ਔਸਤ 1,715[26] ਲਾਭਪਾਤਰੀ (06 ਅਤੇ 37,485 ਦੀ ਰੇਂਜ਼ ਵਿਚਕਾਰ) ਅਪ੍ਰੈਲ 2017 ਤੋਂ ਜੁਲਾਈ 2020 ਤੱਕ ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ ਵਿੱਤੀ ਸਹਾਇਤਾ ਤੋਂ ਵਾਂਝੇਂ ਰਹੇ ਜੋ ਕਿ ₹ 73.93 ਕਰੋੜ ਆਂਕੀ ਗਈ ਜਿਵੇਂ ਕਿ **ਸਾਰਣੀ** 3.9 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.9: ਅਪ੍ਰੈਲ 2017 ਤੋਂ ਜੁਲਾਈ 2020 ਦੇ ਦੌਰਾਨ ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਕੀਮਾਂ ਦੇ ਅਧੀਨ ਲਾਭਪਾਤਰੀ ਵਿੱਤੀ ਸਹਾਇਤਾ ਤੋਂ ਵਾਂਝੇ ਰਹੇ (ਮਈ ਤੋਂ ਨਵੰਬਰ 2017 ਨੂੰ ਛੱਡ ਕੇ ਜਿਵੇਂ ਕਿ ਸਾਰਣੀ 3.8 ਵਿੱਚ ਦੱਸਿਆ ਗਿਆ ਹੈ)।**

*(₹ ਕਰੋੜ ਵਿੱਚ)*

| ਲੜੀ ਨੰ. | ਜ਼ਿਲ੍ਹੇ ਦਾ ਨਾਂਅ | ਓ ਏ ਪੀ | | ਐਫ ਏ ਡਬਲਿਊ ਡੀ ਡਬਲਿਊ | | ਐਫ ਏ ਡੀ ਸੀ | | ਜੋੜ | |
|---|---|---|---|---|---|---|---|---|---|
| | | ਲਾਭਪਾਤਰੀਆਂ* ਦੀ ਸੰਖਿਆ (ਰੇਂਜ਼) | ਐਫ ਏ ਦਾ ਭੁਗਤਾਨ ਨਹੀਂ ਕੀਤਾ | ਲਾਭਪਾਤਰੀਆਂ * ਦੀ ਸੰਖਿਆ (ਰੇਂਜ਼) | ਐਫ ਏ ਦਾ ਭੁਗਤਾਨ ਨਹੀਂ ਕੀਤਾ | ਲਾਭਪਾਤਰੀਆਂ *ਦੀ ਸੰਖਿਆ (ਰੇਂਜ਼) | ਐਫ ਏ ਦਾ ਭੁਗਤਾਨ ਨਹੀਂ ਕੀਤਾ | ਲਾਭਪਾਤਰੀਆਂ* ਦੀ ਸੰਖਿਆ (ਰੇਂਜ਼) | ਐਫ ਏ ਦਾ ਭੁਗਤਾਨ ਨਹੀਂ ਕੀਤਾ |
| 1. | ਫਤਿਹਗੜ੍ਹ ਸਾਹਿਬ | 172-3,685 | 1.30 | 30-1,181 | 0.38 | 10-300 | 0.16 | 10-3,685 | 1.84 |
| 2. | ਲੁਧਿਆਣਾ | 7,562-25,985 | 30.29 | 529-8,660 | 6.01 | 170-1,381 | 0.96 | 170-25,985 | 37.26 |
| 3. | ਪਟਿਆਲਾ | 233-37,485 | 10.24 | 141-11,598 | 3.73 | 112-2,671 | 2.16 | 112-37,485 | 16.13 |
| 4. | ਰੂਪਨਗਰ | 27-5,271 | 3.70 | 19-1,800 | 1.55 | 26-649 | 0.11 | 19-5,271 | 5.36 |
| 5. | ਐਸ ਬੀ ਐਸ ਨਗਰ | 128-4,146 | 3.01 | 22-12,683 | 2.32 | 18-1,049 | 0.56 | 18-12,683 | 5.89 |
| 6. | ਐਸ ਏ ਐਸ ਨਗਰ | 106-11,758 | 4.26 | 216-5,711 | 2.70 | 06-1,091 | 0.49 | 06-11,758 | 7.45 |
| **ਜੋੜ** | | | **52.80** | | **16.69** | | **4.44** | **6-37,485** | **73.93** |

*ਸ੍ਰੋਤ: ਵਿਭਾਗੀ ਡਾਟਾ*

** ਲਾਭਪਾਤਰੀਆਂ ਦੀ ਯੋਗਤਾ ਤੇ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਅਧੀਨ, ਜਿਵੇਂ ਕਿ ਪੈਰ੍ਹੇ 3.5 ਤੋਂ 3.7 ਵਿੱਚ ਧਿਆਨ ਵਿੱਚ ਲਿਆਂਦਾ ਗਿਆ ਹੈ।*

ਲੇਖਾ ਪ੍ਰੀਖਿਆ ਵਿੱਚ ਧਿਆਨ ਵਿੱਚ ਲਿਆਉਣ ਤੇ ਡਾਇਰੈਕਟਰ, ਡੀ ਐਸ ਐਸ ਓਜ਼, ਨੇ ਕਿਹਾ (ਜੁਲਾਈ 2021) ਕਿ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਅਦਾਇਗੀ ਨਹੀ ਹੋ ਸਕੀ ਕਿਉਂਕਿ ਉਸ ਸਮੇਂ ਲਈ ਬਕਾਏ ਦੀ ਅਦਾਇਗੀ ਲਈ ਉਪਬੰਧ ਨਹੀਂ ਸਨ ਜਿਸ ਲਈ ਕੁਝ ਕਾਰਨਾਂ ਜਿਵੇ ਕਿ ਬੈਂਕ ਵਿੱਚ ਘੱਟੋਂ-ਘਟ ਬਕਾਇਆ ਨਾ ਰੱਖਣਾ ਡੌਰਮੈਂਟ ਅਕਾਊਂਟ ਆਦਿ ਲਈ ਵਿੱਤੀ ਸਹਾਇਤਾ ਰੋਕ/ਬੰਦ ਕਰ ਦਿੱਤੀ ਗਈ ਸੀ । ਇਹ ਵੀ ਜੋੜਿਆ ਗਿਆ ਕਿ ਬਕਾਏ ਦੀ ਅਦਾਇਗੀ ਲਈ ਉਪਬੰਧ ਨਾ ਹੋਣਾ ਇੱਕ ਗੰਭੀਰ ਮੁੱਦਾ ਸੀ ਅਤੇ ਭਰੋਸਾ ਦਿਵਾਇਆ ਕਿ ਅਜਿਹੇ ਮਾਮਲਿਆਂ ਵਿੱਚ ਯੋਗ ਲਾਭਪਾਤਰੀਆਂ ਨੂੰ ਅਦਾਇਗੀ ਸੁਚਾਰੂ ਢੰਗ ਨਾਲ ਕਰਨ ਲਈ ਇਸ ਸਬੰਧੀ ਸਟੈਂਡਰਡ ਅਪਰੇਟਿੰਗ ਪ੍ਰਸੀਜ਼ਰ ਤਿਆਰ ਕੀਤਾ ਜਾਵੇਗਾ।

ਇਸ ਤਰ੍ਹਾਂ ਸਮਾਜ ਦੇ ਗਰੀਬ ਅਤੇ ਲੋੜਵੰਦ ਲੋਕ, ਜਿਨ੍ਹਾਂ ਲਈ ਸਮਾਜਿਕ ਸੁਰੱਖਿਆ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਸਨ, ਵਿੱਤੀ ਸਹਾਇਤਾ ਤੋਂ ਵਾਂਝੇ ਰਹਿ ਗਏ, ਜਿਸ ਨਾਲ ਸਕੀਮਾਂ ਦੇ ਉਦੇਸ਼ ਅਸਫਲ ਰਹੇ।

[26] ਛੇ ਨਮੂਨਾ-ਜਾਂਚ ਕੀਤੇ ਜ਼ਿਲ੍ਹਿਆਂ ਦੇ ਸਬੰਧ ਵਿੱਚ ਔਸਤ 'ਤੇ ਓ ਏ ਪੀ : 3,688 ਲਾਭਪਾਤਰੀ; ਐਫ ਏ ਡਬਲਿਊ ਡੀ ਡਬਲਿਊ: 1,150 ਲਾਭਪਾਤਰੀ; ਅਤੇ ਐਫ ਏ ਡੀ ਸੀ: 307 ਲਾਭਪਾਤਰੀ।

**ਡੀ ਐਸ ਐਸ ਡਬਲਿਊ ਸੀ ਡੀ ਲਾਭਪਾਤਰੀਆਂ ਦੇ ਜ਼ੀਰੋ ਬਕਾਏ ਬੈਂਕ ਖਾਤੇ ਖੋਲਣ ਤੇ ਵਿਚਾਰ ਕਰ ਸਕਦਾ ਹੈ ਤਾਂ ਕਿ ਘੱਟੋ-ਘੱਟ ਬਕਾਇਆ ਨਾ ਰੱਖਣ ਦੇ ਕਾਰਣ ਅਸਫਲ ਲੈਣ ਦੇਣ ਨੂੰ ਘੱਟ ਕੀਤਾ ਜਾਏ।**

## 3.10 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਮਨਜ਼ੂਰੀ/ਅਦਾਇਗੀ ਵਿੱਚ ਦੇਰੀ

**(i)** ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਜਾਰੀ ਨੋਟੀਫਿਕੇਸ਼ਨ (ਜੂਨ 2017) ਅਨੁਸਾਰ ਸਮਾਜਿਕ ਸੁਰੱਖਿਆ ਸਕੀਮਾਂ ਦੇ ਅਧੀਨ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਮੰਨਜ਼ੂਰੀ ਲਈ ਅਰਜ਼ੀਆਂ ਤੇ ਉਨ੍ਹਾਂ ਦੀ ਪ੍ਰਾਪਤੀ ਦੇ 30 ਦਿਨਾਂ ਦੇ ਅੰਦਰ ਪ੍ਰਕ੍ਰਿਆ ਕੀਤੀ ਜਾ ਸਕਦੀ ਹੈ।

ਨਮੂਨਾ ਜਾਂਚ ਕੀਤੇ ਛੇ ਜ਼ਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਕੀਮਾਂ ਦੇ ਸਬੰਧ ਵਿੱਚ ਪੀ ਬੀ ਐਮ ਐਸ ਵਿੱਚ ਰੱਖੇ ਜਾ ਰਹੇ ਡਾਟੇ ਦੀ ਜਾਂਚ ਨੇ ਦਰਸਾਇਆ ਕੁੱਲ 5,87,732 ਮਾਮਲਿਆਂ ਵਿੱਚੋਂ ਬਾਲ ਵਿਕਾਸ ਤੇ ਪ੍ਰੋਜੈਕਟ ਅਫਸਰ (ਸੀ ਡੀ ਪੀ ਓ) ਤੋਂ ਅਰਜ਼ੀ ਪ੍ਰਾਪਤ ਹੋਣ ਦੀ ਮਿਤੀ ਸਿਰਫ ਚਾਰ ਜ਼ਿਲ੍ਹਿਆਂ ਦੇ ਸਬੰਧੀ 37,393 ਮਾਮਲਿਆਂ[27] ਦੀ ਭਰੀ ਗਈ ਸੀ। ਜਿਨ੍ਹਾਂ ਵਿੱਚੋਂ ਚਾਰ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਦੇ 8,371 ਮਾਮਲਿਆਂ[28] ਵਿੱਚ 30 ਦਿਨਾਂ ਦੇ ਨਿਰਧਾਰਤ ਸਮੇਂ ਤੋਂ ਬਾਅਦ 61 ਦਿਨਾਂ ਦੀ ਔਸਤ ਦੇਰੀ ਨਾਲ (ਵੱਧ ਤੋਂ ਵੱਧ 1,432 ਦਿਨਾਂ ਦੀ ਦੇਰੀ ਨਾਲ) ਵਿੱਤੀ ਸਹਾਇਤਾ ਮਨਜ਼ੂਰ ਕੀਤੀ (ਜੁਲਾਈ 2020 ਤੱਕ) ਗਈ ਸੀ। ਵਿਭਾਗ ਕੋਲ ਅਦਾਇਗੀ ਰਿਕਾਰਡ/ਫਾਈਲਾਂ ਦੀ ਅਣਹੋਂਦ ਵਿੱਚ ਲਾਭਪਾਤਰੀਆਂ ਦੀ ਵਿੱਤੀ ਸਹਾਇਤਾ ਦੀ ਅਦਾਇਗੀ ਦੀ ਅਸਲ ਮਿਤੀ ਦਾ ਲੇਖਾ ਪ੍ਰੀਖਿਆ ਵਿੱਚ ਪਤਾ ਨਹੀ ਲਗਾਇਆ ਜਾ ਸਕਦਾ ਸੀ।

ਅੱਗੇ ਇਹ ਦੇਖਿਆ ਗਿਆ ਕਿ ਤਿੰਨ ਚੁਣੇ ਹੋਏ ਜ਼ਿਲ੍ਹਿਆਂ[29] ਵਿੱਚ 1,147 ਮਾਮਲਿਆਂ ਵਿੱਚ ਸੀ ਡੀ ਪੀ ਓ ਤੋਂ ਅਰਜ਼ੀਆਂ ਪ੍ਰਾਪਤ ਕਰਨ ਤੋਂ ਪਹਿਲਾਂ 44 ਦਿਨਾਂ ਦੇ ਔਸਤ ਸਮੇ ਦੇ ਅੰਤਰ ਨਾਲ (ਵੱਧ ਤੋਂ ਵੱਧ 1,097 ਦਿਨਾਂ ਦੇ ਅੰਤਰ ਨਾਲ) ਵਿੱਤੀ ਸਹਾਇਤਾ ਮਨਜ਼ੂਰ ਕਰ ਦਿੱਤੀ ਗਈ ਸੀ। ਡੀ ਐਸ ਐਸ ਓ, ਫਤਿਹਗੜ੍ਹ ਸਾਹਿਬ ਨੇ ਅਰਜ਼ੀ ਪ੍ਰਾਪਤ ਹੋਣ ਦੀ ਮਿਤੀ ਦਾ ਜ਼ਿਕਰ ਕਰਨ ਵਿੱਚ ਕਲੈਰੀਕਲ ਗਲਤੀ ਨੂੰ ਕਾਰਨ ਦੱਸਿਆ (ਅਪ੍ਰੈਲ 2021), ਪ੍ਰੰਤੂ, ਉੱਤਰ ਦੇ ਸਮਰਥਨ ਵਿੱਚ ਕੋਈ ਸਹਾਇਕ ਦਸਤਾਵੇਜ਼ ਲੇਖਾ ਪ੍ਰੀਖਿਆ ਨੂੰ ਨਹੀਂ ਦਿੱਤਾ ਗਿਆ ਸੀ। ਬਾਕੀ ਰਹਿੰਦੇ ਦੋ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਭਾਵ ਲੁਧਿਆਣਾ ਅਤੇ ਐਸ ਬੀ ਐਸ ਨਗਰ ਦੇ ਸਬੰਧ ਵਿੱਚ ਉੱਤਰ ਦੀ ਉਡੀਕ ਸੀ (ਜੂਨ 2021)।

---

[27] ਚਾਰ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਭਾਵ (i) ਫਤਿਹਗੜ੍ਹ ਸਾਹਿਬ (49,472 ਮਾਮਲਿਆਂ ਵਿੱਚੋਂ 2,225); (ii) ਲੁਧਿਆਣਾ (2,08,115 ਮਾਮਲਿਆਂ ਵਿੱਚੋਂ 31,490); (iii) ਐਸ ਬੀ ਐਸ ਨਗਰ (58,042 ਮਾਮਲਿਆਂ ਵਿੱਚੋਂ 32); ਅਤੇ (iv) ਐਸ ਏ ਐਸ ਨਗਰ (45,144 ਮਾਮਲਿਆਂ ਵਿੱਚੋਂ 3,646) ਵਿੱਚ ਲੋੜੀਂਦਾ ਡਾਟਾ ਭਾਵ ਸੀ ਡੀ ਪੀ ਓ ਤੋਂ ਅਰਜ਼ੀ ਪ੍ਰਾਪਤ ਹੋਣ ਦੀ ਮਿਤੀ ਪੀ ਬੀ ਐਮ ਐਸ ਵਿੱਚ ਰੱਖੀ ਗਈ/ਉਪਲੱਬਧ ਸੀ। ਦੋ ਜ਼ਿਲ੍ਹਿਆਂ-ਪਟਿਆਲਾ ਅਤੇ ਰੂਪਨਗਰ ਦੇ ਸਬੰਧ ਵਿੱਚ ਲੋੜੀਂਦਾ ਡਾਟਾ ਮੁਹੱਈਆਂ ਕੀਤੇ ਡਾਟੇ ਵਿੱਚ ਮੌਜੂਦ ਨਹੀਂ ਸੀ।

[28] (i) ਫਤਿਹਗੜ੍ਹ ਸਾਹਿਬ (2,225 ਮਾਮਲਿਆਂ ਵਿੱਚੋਂ 174 ਵਿੱਚ 01-1,432 ਦਿਨ); (ii) ਲੁਧਿਆਣਾ (31,490 ਮਾਮਲਿਆਂ ਵਿੱਚੋਂ 8,134 ਵਿੱਚ 31-585 ਦਿਨ); (iii) ਐਸ ਬੀ ਐਸ ਨਗਰ (32 ਮਾਮਲਿਆਂ ਵਿੱਚੋਂ 03 ਵਿੱਚ 60-93 ਦਿਨ); ਅਤੇ (iv) ਐਸ ਏ ਐਸ ਨਗਰ (3,646 ਮਾਮਲਿਆਂ ਵਿੱਚੋਂ 60 ਵਿੱਚ 02-184 ਦਿਨ)।

[29] (i) ਫਤਿਹਗੜ੍ਹ ਸਾਹਿਬ (26 ਮਾਮਲਿਆਂ ਵਿੱਚ 05-1,097 ਦਿਨ); (ii) ਲੁਧਿਆਣਾ (1,113 ਮਾਮਲਿਆਂ ਵਿੱਚ 01-425 ਦਿਨ); ਅਤੇ (iii) ਐਸ ਬੀ ਐਸ ਨਗਰ (08 ਮਾਮਲਿਆਂ ਵਿੱਚ 02-147 ਦਿਨ)। ਤਿੰਨ ਜ਼ਿਲ੍ਹਿਆਂ ਭਾਵ ਪਟਿਆਲਾ, ਰੂਪਨਗਰ ਅਤੇ ਐਸ ਏ ਐਸ ਨਗਰ ਵਿੱਚ ਅਜਿਹਾ ਕੋਈ ਫਰਕ ਧਿਆਨ ਵਿੱਚ ਨਹੀ ਆਇਆ ਸੀ ।

**(ii)** ਤਿੰਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧਤ ਨਿਯਮ ਲਾਭਪਾਤਰੀਆਂ ਨੂੰ ਹਰ ਮਹੀਨੇ ਵਿੱਤੀ ਸਹਾਇਤਾ ਦਾ ਭੁਗਤਾਨ ਕਰਨ ਦਾ ਉਪਬੰਧ ਕਰਦੇ ਹਨ। ਇਸ ਤੋਂ ਇਲਾਵਾ, ਸਟੈਂਡਰਡ ਅਪਰੇਟਿੰਗ ਪ੍ਰਕ੍ਰਿਆ (ਐਸ ਓ ਪੀ) ਦੇ ਅਨੁਸਾਰ ਹੋਰ ਲਾਗੂ ਕਰਤਾ ਏਜੰਸੀਆਂ ਦੁਆਰਾ ਪੀ ਐਫ ਐਮ ਐਸ ਜਾਂ ਹੋਰ ਭੁਗਤਾਨ ਪ੍ਰਣਾਲੀ ਦੁਆਰਾ ਪ੍ਰੋਸੈਸ ਕੀਤੇ ਜਾ ਰਹੇ ਡੀ ਬੀ ਟੀ ਭੁਗਤਾਨ ਵੀ ਇਸ ਐਸ ਓ ਪੀ ਵਿੱਚ ਦੱਸੇ ਗਏ ਸਮੇਂ ਅਤੇ ਪ੍ਰਕ੍ਰਿਆਵਾਂ ਦੀ ਪਾਲਣਾ ਕਰਨਗੇ। ਭੁਗਤਾਨ ਪ੍ਰਤੀਕਿਰਿਆ ਪ੍ਰਾਪਤ ਕਰਨ ਲਈ ਅਧਿਕਤਮ ਕੁੱਲ ਸਮਾਂ: ਸਫਲ ਜਾਂ ਅਸਫਲ (ਕਾਰਨਾਂ ਦੇ ਨਾਲ) ਟੀ+4 ਕੰਮਕਾਜ ਵਾਲੇ ਦਿਨ ਹਨ ਜਿਥੇ ਟੀ ਲੈਣ ਦੇਣ ਦਾ ਦਿਨ ਹੁੰਦਾ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਲਾਭਪਾਤਰੀ ਦੇ ਬੈਂਕ ਖਾਤੇ ਵਿੱਚ ਸਿੱਧੇ ਪੀ ਐਫ ਐਮ ਐਸ/ਰਾਜ ਖਜ਼ਾਨਾ ਲੇਖੇ ਰਾਹੀਂ ਭੁਗਤਾਨ ਫਾਈਲਾਂ ਦੇ ਨਿਰਦੇਸ਼ ਤਿਆਰ ਕਰਕੇ ਲਾਭ ਦੇ ਤਬਾਦਲੇ ਦੀ ਪ੍ਰਣਾਲੀ ਡੀ ਬੀ ਟੀ ਢਾਂਚੇ ਦੇ ਅਨੁਸਾਰ ਵਿਕਸਤ ਨਹੀਂ ਕੀਤੀ ਗਈ ਸੀ। ਜਦੋਂਕਿ ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਇਹ ਦੇਖਿਆ ਗਿਆ ਸੀ ਕਿ 2017-2021 (ਜੁਲਾਈ 2020 ਤੱਕ) ਦੌਰਾਨ ਸਬੰਧਤ ਡੀ ਐਸ ਐਸ ਓਜ਼ ਦੁਆਰਾ ਬੈਂਕਾ ਨੂੰ ਭੁਗਤਾਨ ਦੀਆਂ ਫਾਈਲਾਂ ਭੇਜਣ ਵਿੱਚ ਅਗਲੇ ਮਹੀਨੇ ਦੇ ਛੇਵੇਂ ਦਿਨ, ਜਿਸ ਵਿੱਚ ਵਿੱਤੀ ਸਹਾਇਤਾ ਦਿੱਤੀ ਜਾਣੀ ਸੀ, ਤੋਂ ਔਸਤ 33 ਦਿਨਾਂ ਦੀ ਦੇਰੀ (245 ਦਿਨਾਂ ਦੀ ਵੱਧ ਤੋਂ ਵੱਧ ਦੇਰੀ ਨਾਲ) ਸੀ ਜਿਵੇਂ ਕਿ **ਸਾਰਣੀ** 3.10 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 3.10: 2017-2021 (ਜੁਲਾਈ 2020 ਤੱਕ) ਦੇ ਦੌਰਾਨ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੇ ਭੁਗਤਾਨ ਵਿੱਚ ਦੇਰੀ**

| ਲੜੀ ਨੰ. | ਜ਼ਿਲ੍ਹੇ ਦਾ ਨਾਂਅ | ਮਹੀਨਿਆਂ ਦੀ ਗਿਣਤੀ ਜਿਨ੍ਹਾਂ ਵਿੱਚ | | ਦਿਨਾਂ ਵਿੱਚ ਦੇਰੀ | ਵੰਡੀ ਗਈ ਰਾਸ਼ੀ (₹ ਕਰੋੜ ਵਿੱਚ) | | |
|---|---|---|---|---|---|---|---|
| | | ਭੁਗਤਾਨ ਕੀਤੇ ਗਏ | ਭੁਗਤਾਨ ਵਿੱਚ ਦੇਰੀ ਹੋਈ | | ਕੁੱਲ | ਦੇਰੀ ਨਾਲ | ਪ੍ਰਤੀਸ਼ਤਤਾ |
| 1. | ਫਤਿਹਗੜ੍ਹ ਸਾਹਿਬ | 33* | 31 | 1 ਤੋਂ 237 | 114.77 | 106.50 | 92.79 |
| 2. | ਲੁਧਿਆਣਾ | 38 | 36 | 3 ਤੋਂ 225 | 473.23 | 441.58 | 93.31 |
| 3. | ਪਟਿਆਲਾ | 33* | 30 | 1 ਤੋਂ 245 | 398.96 | 357.55 | 89.62 |
| 4. | ਰੂਪਨਗਰ | 33* | 31 | 1 ਤੋਂ 223 | 131.78 | 122.71 | 93.12 |
| 5. | ਐਸ ਬੀ ਐਸ ਨਗਰ | 33* | 31 | 2 ਤੋਂ 229 | 136.83 | 126.98 | 92.80 |
| 6. | ਐਸ ਏ ਐਸ ਨਗਰ | 38 | 35 | 3 ਤੋਂ 224 | 90.83 | 78.72 | 86.67 |
| **ਜੋੜ** | | | | | **1,346.40** | **1,234.04** | **91.65** |

*ਸ੍ਰੋਤ: ਵਿਭਾਗੀ ਡਾਟਾ*

** ਮਈ ਤੋਂ ਸਤੰਬਰ 2017 ਦੇ ਸਮੇਂ ਲਈ ਭੁਗਤਾਨ ਸਿਰਫ ਲੁਧਿਆਣਾ ਅਤੇ ਐਸ ਏ ਐਸ ਨਗਰ ਜ਼ਿਲ੍ਹਿਆਂ ਦੇ ਐਮ ਸੀ ਖੇਤਰ ਵਿੱਚ ਕੀਤਾ ਗਿਆ ਸੀ।*

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਸਾਰੇ ਡੀ ਐਸ ਐਸ ਓਜ਼ ਨੂੰ ਸਮੇਂਬੱਧ ਤਰੀਕੇ ਨਾਲ ਪੈਨਸ਼ਨ ਮੰਨਜ਼ੂਰ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਅਤੇ ਡਿਪਟੀ ਕਮਿਸ਼ਨਰਾਂ ਨੂੰ ਵੀ ਆਪਣੇ ਜ਼ਿਲ੍ਹਿਆਂ ਵਿੱਚ ਪਾਲਣਾ ਦੀ ਨਿਗਰਾਨੀ ਕਰਨ ਲਈ ਕਿਹਾ ਗਿਆ ਸੀ। ਇਹ ਵੀ ਜੋੜਿਆ ਗਿਆ ਸੀ ਕਿ

ਵਿੱਤੀ ਸਹਾਇਤਾ ਦੀ ਮਨਜ਼ੂਰੀ ਅਤੇ ਲਾਭਪਾਤਰੀ ਨੂੰ ਇਹ ਪਹਿਲੀ ਵਾਰੀ ਜਾਰੀ ਕਰਨ ਲਈ ਡੀ ਐਸ ਐਸ ਓਜ਼ ਵੱਲੋਂ ਲਏ ਗਏ ਸਮੇਂ ਦੀ ਜਾਂਚ ਕਰਨ ਲਈ ਇੱਕ 'ਰਿਵੀਊ ਪ੍ਰੋਫਾਰਮਾਂ' ਵੀ ਤਿਆਰ ਕੀਤਾ ਗਿਆ ਸੀ।

## 3.11 ਮਾਸਟਰ ਡਾਟਾਬੇਸ ਵਿੱਚ ਸੋਧ

ਪੈਨਸ਼ਨ ਬੈਨੀਫੀਸ਼ਅਰੀ ਮੈਨੇਜਮੈਂਟ ਸਿਸਟਮ (ਪੀ ਬੀ ਐਮ ਐਸ) ਪੰਜਾਬ ਰਾਜ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਸਮਾਜਿਕ ਸੁਰੱਖਿਆਂ ਸਕੀਮਾਂ ਦੇ ਸਬੰਧ ਵਿੱਚ ਲਾਭਪਾਤਰੀਆਂ ਦੇ ਵੇਰਵੇ ਹਾਸਲ ਕਰਨ ਲਈ ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਵਿਕਸਤ ਕੀਤਾ ਗਿਆ ਇੱਕ ਵੈਬ-ਅਧਾਰਤ ਸੌਫਟਵੇਅਰ ਹੈ।

ਨਮੂਨਾ ਜਾਂਚ ਕੀਤੇ ਗਏ ਛੇ ਜ਼ਿਲ੍ਹਿਆਂ ਵਿੱਚ ਰਿਕਾਰਡ (ਜਿਵੇਂ ਕਿ ਪੀ ਬੀ ਐਮ ਐਸ ਵਿੱਚ ਰੱਖਿਆ ਗਿਆ ਮਾਸਟਰ ਡਾਟਾ ਅਤੇ ਅਪ੍ਰੈਲ 2017 ਤੋਂ ਜੁਲਾਈ 2020 ਦੌਰਾਨ ਐਮ ਐਸ-ਐਕਸਲ ਫਾਰਮੈਟ ਵਿੱਚ ਸਬੰਧਤ ਬੈਂਕਾਂ ਨੂੰ ਭੇਜੀਆਂ ਫਾਈਲਾਂ ਦੀ ਸੂਚੀ) ਦੀ ਨਮੂਨਾ ਜਾਂਚ ਦੇ ਦੌਰਾਨ ਇਹ ਦੇਖਿਆ ਗਿਆ ਸੀ ਕਿ ਮਾਸਟਰ ਡਾਟਾਬੇਸ ਵਿੱਚ ਲਾਭਪਾਤਰੀਆਂ ਦੇ ਬੈਂਕ ਖਾਤੇ ਨੰਬਰ ਕਿਸੇ ਅਥਾਰਟੀ ਜਾਂ ਰਿਕਾਰਡ[30] ਤੇ ਪਾਈ ਗਈ ਬਿਨੈਕਾਰ ਦੀ ਬੇਨਤੀ ਤੋਂ ਬਿਨਾ ਡੀ ਐਸ ਐਸ ਓਜ਼ ਦੇ ਪੱਧਰ ਤੇ ਬਦਲ ਦਿੱਤੇ ਗਏ ਸਨ। ਇਸ ਤੋਂ ਇਲਾਵਾ, ਬਦਲੇ ਹੋਏ ਰਿਕਾਰਡ (ਬੈਂਕ ਖਾਤਾ ਨੰਬਰ) ਦੇ ਸਬੰਧ ਵਿੱਚ ਡਾਟਾ ਰੱਖਿਆ/ਸੰਭਾਲਿਆ ਨਹੀਂ ਜਾ ਰਿਹਾ ਸੀ। ਇਸ ਤਰ੍ਹਾਂ, ਸਰਕਾਰੀ ਪੈਸੇ ਦੀ ਧੋਖਾਧੜੀ ਅਤੇ ਗਬਨ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਸੀ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਡੇਟਾਬੇਸ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਦਾ ਰਿਕਾਰਡ ਰੱਖਣ ਲਈ ਡੀ ਐਸ ਐਸ ਓਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਸਨ। ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਮੰਨਿਆ ਕਿ ਸੌਟਫਵੇਅਰ ਨੇ ਮਾਸਟਰ ਡਾਟਾਬੇਸ ਵਿੱਚ ਪੁਰਾਣੀਆਂ ਕੀਮਤਾਂ ਨੂੰ ਨਵੀਆਂ ਕੀਮਤਾਂ ਦੇ ਨਾਲ ਓਵਰਰੋਟ ਕਰ ਦਿੱਤਾ। ਇਹ ਵੀ ਜੋੜਿਆ ਗਿਆ ਸੀ ਕਿ ਰਾਜ ਵਿੱਚ ਪੀ ਐਫ ਐਮ ਐਸ ਦੇ ਲਾਗੂ ਕਰਨ ਤੋਂ ਬਾਅਦ ਸਾਰੀਆਂ ਜ਼ਰੂਰੀ ਸੋਧਾਂ ਪੋਰਟਲ ਸਿਸਟਮ ਵਿੱਚ ਸਟੋਰ ਕੀਤੀਆਂ ਜਾਣਗੀਆਂ। ਉੱਤਰ ਮੰਨਣਯੋਗ ਨਹੀਂ ਸਨ ਕਿਉਂਕਿ ਬਦਲੇ ਹੋਏ ਰਿਕਾਰਡ (ਭਾਵ ਪੁਰਾਣੇ ਬੈਂਕ ਖਾਤੇ ਨੰਬਰ) ਨੂੰ ਨਾ ਸੰਭਾਲਣ/ਗੈਰ-ਉਪਲੱਬਧਤਾ ਕਾਰਣ ਲਾਭਪਾਤਰੀਆਂ, ਜਿਨ੍ਹਾਂ ਦੇ ਰਿਕਾਰਡ ਅਪਡੇਟ/ਬਦਲੇ ਗਏ ਸਨ, ਨੂੰ 2017-2021 (ਜੁਲਾਈ 2020 ਤੱਕ) ਦੇ ਸਮੇਂ ਲਈ ਕੀਤੀਆਂ ਅਦਾਇਗੀਆਂ ਦੀ ਸਚਾਈ ਲੇਖਾ ਪ੍ਰੀਖਿਆ ਵਿੱਚ ਤਸਦੀਕ ਨਹੀ ਕੀਤੀ ਜਾ ਸਕੀ।

[30] ਲੇਖਾ ਪ੍ਰੀਖਿਆ ਨੇ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ 84 ਅਰਜ਼ੀ ਫਾਰਮਾਂ (ਓ ਏ ਪੀ-16; ਐਫ ਏ ਡਬਲਿਊ ਡੀ ਡਬਲਿਊ-37; ਅਤੇ ਐਫ ਏ ਡੀ ਸੀ-31) ਤੋਂ ਅੰਤਰ ਪ੍ਰਮਾਣਿਤ ਕੀਤਾ।

## 3.12 ਵਿੱਤੀ ਸਹਾਇਤਾ ਦੇ ਭੁਗਤਾਨ ਲਈ ਯੋਗਤਾ ਮਾਪਦੰਡਾਂ ਦਾ ਗੈਰ-ਤਸਦੀਕਣ

ਪੰਜਾਬ ਓ ਏ ਪੀ ਨਿਯਮਾਵਲੀ, 1996 ਅਤੇ ਪੰਜਾਬ ਵਿੱਚ ਐਫ ਏ ਡਬਲਿਊ ਡੀ ਡਬਲਿਊ, ਨਿਯਮਾਵਲੀ, 1996 ਦੇ ਉਪਬੰਧਾਂ ਅਤੇ ਇਸ ਤੋਂ ਬਾਅਦ ਦੀਆਂ ਸੋਧਾਂ ਹੋਰ ਗੱਲਾਂ ਦੇ ਨਾਲ-ਨਾਲ ਇਹ ਵਿਵਸਥਾ ਕਰਦੀਆਂ ਕਿ ਲਾਭਪਾਤਰੀ ਸਬੰਧਤ ਸਕੀਮਾਂ ਦੇ ਅਧੀਨ ਵਿੱਤੀ ਸਹਾਇਤਾ[31] ਦੇ ਯੋਗ ਹਨ ਜੇ ਉਹ ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਰਾਜ ਵਿੱਚ ਰਹਿ ਰਹੇ ਹਨ। ਨਿਯਮ ਅੱਗੇ ਵਿਵਸਥਾ ਕਰਦੇ ਹਨ ਕਿ ਪੈਨਸ਼ਨ/ਵਿੱਤੀ ਸਹਾਇਤਾ ਪ੍ਰਾਪਤ ਕਰਨਾ ਜਾਰੀ ਰੱਖਣ ਲਈ, ਲਾਭਪਾਤਰੀ ਦਾ ਇੱਕ ਚੰਗਾ ਚਰਿੱਤਰ ਹੋਣਾ ਚਾਹੀਦਾ ਹੈ ਨਹੀਂ ਤਾਂ ਮਨਜ਼ੂਰਕਰਤਾ ਅਥਾਰਟੀ ਕੋਲ ਪੈਨਸ਼ਨ/ਵਿੱਤੀ ਸਹਾਇਤਾ ਨੂੰ ਰੋਕਣ ਜਾਂ ਮੁੱਅਤਲ ਕਰਨ ਦਾ ਅਧਿਕਾਰ ਹੈ।

ਨਮੂਨਾ ਜਾਂਚ ਕੀਤੇ ਗਏ ਛੇ ਜ਼ਿਲ੍ਹਿਆਂ ਵਿੱਚ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ:

- ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਰਾਜ ਵਿੱਚ ਲਾਭਪਾਤਰੀਆਂ ਦੇ ਰਹਿਣ ਬਾਰੇ ਸਵੈ-ਘੋਸ਼ਣਾ/ਪੁਸ਼ਟੀਕਰਣ ਨਾ ਤਾਂ ਲਾਭਪਾਤਰੀਆਂ ਤੋਂ ਪ੍ਰਾਪਤ ਕੀਤਾ ਗਿਆ ਸੀ ਅਤੇ ਨਾ ਹੀ ਜ਼ਿਲ੍ਹਾ/ਬਲਾਕ ਤੋਂ ਕੋਈ ਤਸਦੀਕੀ ਰਿਪੋਰਟ ਅਰਜ਼ੀ ਫਾਰਮ ਨਾਲ ਨੱਥੀ ਕੀਤੀ ਪਾਈ ਗਈ ਸੀ।

- ਪੈਨਸ਼ਨ/ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਦੇ ਚਰਿੱਤਰ ਦੀ ਜਾਂਚ ਕਰਨ ਲਈ ਕੋਈ ਮੈਕਾਨਿਜ਼ਮ ਮੌਜੂਦ ਨਹੀਂ ਸੀ।

ਇਸ ਤਰ੍ਹਾਂ, ਸਬੰਧਤ ਅਥਾਰਟੀਆ ਵੱਲੋਂ ਉਪਰੋਕਤ ਨਿਯਮਾਂ ਦੇ ਅਧੀਨ ਯੋਗਤਾ ਦੇ ਮਾਪਦੰਡਾਂ ਦੀ ਜਾਂਚ ਨਾ ਕਰਨ ਨਾਲ ਅਯੋਗ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਅਦਾਇਗੀ ਹੋ ਸਕਦੀ ਸੀ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਨਿਯਮਾਂ ਅਨੁਸਾਰ ਪੈਨਸ਼ਨ ਅਰਜ਼ੀ ਵਿੱਚ ਜਰੂਰੀ ਖਾਨੇ ਜੋੜੇ ਜਾਣਗੇ।

## 3.13 ਮ੍ਰਿਤਕ ਲਾਭਪਾਤਰੀਆਂ ਦੀ ਪਛਾਣ

ਡੀ ਬੀ ਟੀ ਮਿਸ਼ਨ (ਜੀ ਓ ਆਈ) ਨੇ ਸਿਫਾਰਸ਼ ਕੀਤੀ ਕਿ ਸਬੰਧਤ ਵਿਭਾਗਾਂ ਵੱਲੋਂ ਡੀ ਬੀ ਟੀ ਸਕੀਮਾਂ ਅਧੀਨ ਲਾਭਪਾਤਰੀਆ ਦੇ ਰੱਖੇ ਜਾ ਰਹੇ ਡਾਟਾਬੇਸ ਨੂੰ ਗਤੀਸ਼ੀਲ ਅਤੇ ਮੌਤ ਰਜਿਸਟ੍ਰੇਸ਼ਨ ਨਾਲ ਜੁੜੇ ਹੋਣ ਦੀ ਜ਼ਰੂਰਤ ਹੈ। ਡੀ ਬੀ ਟੀ ਲਈ ਐਸ ਓ ਪੀ ਮੋਡੀਊਲਾਂ ਨੇ ਡੀ ਬੀ ਟੀ ਢਾਂਚੇ ਨੂੰ ਇੱਕ ਬਹੁ-ਹਿੱਸੇਦਾਰ ਆਰਕੀਟੈਕਚਰ ਦੇ ਵਜੋਂ ਵੀ ਚਿਤਵਿਆ ਹੈ ਜੋ ਡੀ ਬੀ ਟੀ ਵਿਧੀ ਦੇ ਸਫਲਤਾਪੂਰਵਕ ਲਾਗੂਕਰਣ ਲਈ ਲਾਭਪਾਤਰੀਆਂ ਨੂੰ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਭ ਪਹੁੰਚਾਉਣ ਲਈ ਭਾਰਤ ਦੇ ਰਜਿਸਟਰਾਰ ਜਨਰਲ ਸਮੇਤ ਵੱਖ-ਵੱਖ ਵਿਭਾਗਾਂ ਦੀ ਯੋਗਤਾਵਾਂ ਦਾ ਲਾਭ ਉਠਾਉਂਦਾ ਹੈ।

---

[31] ਜੂਨ 2017 ਤੱਕ ₹ 500/- ਪ੍ਰਤੀ ਮਹੀਨਾ ਅਤੇ ਜੁਲਾਈ 2017 ਤੋਂ ₹ 750/- ਪ੍ਰਤੀ ਮਹੀਨਾ।

ਨਮੂਨਾ ਜਾਂਚ ਕੀਤੇ ਗਏ ਛੇ ਜਿਲ੍ਹਿਆਂ ਵਿੱਚ ਲੇਖਾ ਪ੍ਰੀਖਿਆ ਨੇ ਦੇਖਿਆ ਕਿ ਮ੍ਰਿਤਕਾਂ ਨੂੰ ਵਿੱਤੀ ਸਹਾਇਤਾ ਬੰਦ ਕਰਨ ਨੂੰ ਯਕੀਨੀ ਬਣਾਉਣ ਲਈ ਰਜਿਸਟ੍ਰੇਸ਼ਨ, ਸਥਾਨਕ ਸੰਸਥਾਵਾਂ ਹਸਪਤਾਲਾਂ ਆਦਿ ਤੋਂ ਮ੍ਰਿਤਕ ਲਾਭਪਾਤਰੀਆਂ ਦੀ ਪਛਾਣ ਕਰਨ ਲਈ ਕੋਈ ਮੈਕਾਨਿਜਮ ਮੌਜੂਦ ਨਹੀਂ ਸੀ। ਵਿਭਾਗ ਸਿਰਫ ਆਂਗਣਵਾੜੀ ਵਰਕਰਾਂ, ਗ੍ਰਾਮ ਪੰਚਾਇਤਾਂ ਦੇ ਸਰਪੰਚਾਂ, ਬੈਂਕ ਜਿਨ੍ਹਾਂ ਵਿੱਚ ਲਾਭਪਾਤਰੀਆਂ ਦੀ ਵਿੱਤੀ ਸਹਾਇਤਾ ਟਰਾਂਸਫਰ ਕੀਤੀ ਜਾ ਰਹੀ ਹੈ ਆਦਿ ਦੁਆਰਾ ਮੁੱਹਈਆ ਕਰਵਾਈ ਗਈ ਜਾਣਕਾਰੀ ਤੇ ਨਿਰਭਰ ਕਰਦਾ ਸੀ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਡੀ ਜੀ ਆਰ ਪੀ ਜੀ ਦੀ ਸਲਾਹ ਨਾਲ ਜਨਮ ਅਤੇ ਮੌਤ ਰਜਿਸਟਰਾਰ ਨਾਲ ਸਮਾਜਿਕ ਸੁਰੱਖਿਆ ਪੋਰਟਲ ਦਾ ਇੰਟੀਗ੍ਰੇਸ਼ਨ ਪ੍ਰਕ੍ਰਿਆ ਅਧੀਨ ਸੀ।

## 3.14 ਹੋਰ ਨੁਕਤੇ

### *3.14.1 ਲਾਭਪਾਤਰੀਆਂ ਦੇ ਡਾਟੇ ਦੀ ਸਮੀਖਿਆ/ਅਪਡੇਸ਼ਨ*

ਡੀ ਬੀ ਟੀ ਭੁਗਤਾਨਾਂ ਲਈ ਸਟੈਂਡਰਡ ਅਪਰੇਟਿੰਗ ਪ੍ਰਸੀਜ਼ਰ ਵਿਵਸਥਾ ਕਰਦਾ ਹੈ ਕਿ ਲਾਭਪਾਤਰੀ ਦੀ ਪਛਾਣ ਅਤੇ ਦਾਖਲੇ ਸਬੰਧੀ ਸ਼ਾਮਲ ਕਦਮਾਂ ਨੂੰ ਸਬੰਧਤ ਡੀ ਬੀ ਟੀ ਸਕੀਮ ਸੌਫਟਵੇਅਰ ਵਿੱਚ ਲਿਆਂਦਾ ਜਾਣਾ ਹੈ। ਵਿੱਤੀ ਪਤੇ (ਬੈਂਕ ਖਾਤਾ/ਆਧਾਰ) ਸਮੇਤ ਲਾਭਪਾਤਰੀਆਂ ਦੇ ਰਿਕਾਰਡ ਨੂੰ ਸਮੇਂ ਸਿਰ ਅਪਡੇਟ ਕਰਨ ਲਈ ਪਹੁੰਚ ਅਤੇ ਸੰਚਾਰ ਨੂੰ ਯਕੀਨੀ ਬਣਾਉਣ ਲਈ ਮੰਤਰਾਲੇ/ਵਿਭਾਗ ਨੂੰ ਆਪਣੀ ਪ੍ਰਕ੍ਰਿਆ ਵਿਕਸਤ ਕਰਨ ਦੀ ਇਹ ਹੋਰ ਵਿਵਸਥਾ ਕਰਦਾ ਹੈ। ਅੱਗੇ, ਤਿੰਨ ਚੁਣੀਆਂ ਗਈਆਂ ਸਕੀਮਾਂ ਦੇ ਸਬੰਧਤ ਨਿਯਮ ਵਿਵਸਥਾ ਕਰਦੇ ਹਨ ਕਿ ਉਹ ਸਾਰੇ ਮਾਮਲੇ ਜਿਨ੍ਹਾਂ ਵਿੱਚ ਲਾਭਪਾਤਰੀ ਇੱਕ ਸਾਲ ਤੋਂ ਵੱਧ ਸਮੇਂ ਲਈ ਰਾਜ ਤੋਂ ਬਾਹਰ ਰਹੇ, ਵਿੱਤੀ ਸਹਾਇਤਾ ਲੈਣ ਦੇ ਯੋਗ ਨਹੀਂ ਹੋਣਗੇ।

ਡੀ ਐਸ ਐਸ ਡਬਲਿਊ ਸੀ ਡੀ ਨੇ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਆਂਗਨਵਾੜੀ ਵਰਕਰ (ਸੀ ਡੀ ਪੀ ਓ ਦਫਤਰ ਤੋਂ), ਆਸ਼ਾ ਵਰਕਰ (ਸਿਵਲ ਸਰਜਨ ਦੇ ਤਾਲਮੇਲ ਨਾਲ) ਅਤੇ ਪਟਵਾਰੀ (ਜ਼ਿਲ੍ਹਾ ਮਾਲ ਅਫਸਰ ਦੇ ਤਾਲਮੇਲ ਨਾਲ) ਵਾਲੀ ਤਿੰਨ-ਮੈਂਬਰੀ ਕਮੇਟੀ ਬਣਾਉਣ ਲਈ ਕਿਹਾ (ਸਤੰਬਰ 2017) ਜਿਹੜੀ ਉਨ੍ਹਾਂ ਯੋਗ ਲਾਭਪਾਤਰੀਆਂ ਦੀ ਪਛਾਣ ਕਰੇਗੀ ਜਿਨ੍ਹਾਂ ਨੂੰ ਪੈਨਸ਼ਨ ਮਨਜ਼ੂਰ ਨਹੀਂ ਕੀਤੀ ਜਾ ਰਹੀ ਸੀ ਅਤੇ ਅਯੋਗ ਲਾਭਪਾਤਰੀ ਜੋ ਕਿ ਨਿਯਮਤ ਰੂਪ ਵਿੱਚ ਵਿੱਤੀ ਸਹਾਇਤਾ ਪ੍ਰਾਪਤ ਕਰ ਰਹੇ ਸਨ ਤਾਂ ਕਿ ਵਿੱਤੀ ਸਹਾਇਤਾ ਸਿਰਫ ਲੋੜਵੰਦ ਅਤੇ ਪ੍ਰਮਾਣਿਕ ਲਾਭਪਾਤਰੀਆਂ ਨੂੰ ਮੁਹੱਈਆ ਕਰਵਾਈ ਜਾ ਸਕੇ। ਕਮੇਟੀ ਪਛਾਣ ਕੀਤੇ ਗਏ ਯੋਗ ਲਾਭਪਾਤਰੀਆ ਦੀ ਇੱਕ ਤਿਮਾਹੀ ਰਿਪੋਰਟ ਤਿਆਰ ਕਰੇਗੀ ਅਤੇ ਅਯੋਗ ਲਾਭਪਾਤਰੀਆਂ ਨੂੰ ਬਾਹਰ ਕੱਢ ਦੇਵੇਗੀ ਅਤੇ ਇਸਨੂੰ ਸਬੰਧਤ ਬਲਾਕ ਦੇ ਬੀ ਡੀ ਪੀ ਓ ਰਾਹੀ ਜ਼ਿਲ੍ਹੇ ਦੇ ਡੀ ਐਸ ਐਸ ਓ ਨੂੰ ਭੇਜੇਗੀ। ਅਯੋਗ ਲਾਭਪਾਤਰੀਆਂ ਨੂੰ ਹਟਾ ਕੇ ਯੋਗ ਲਾਭਪਾਤਰੀਆਂ ਨੂੰ ਅਪਡੇਟ ਕਰਕੇ ਲਾਭਪਾਤਰੀਆਂ ਦੀ ਸੂਚੀ ਹਰ ਤਿਮਾਹੀ ਵਿੱਚ ਅਪਡੇਟ ਕੀਤੀ ਜਾਵੇਗੀ।

ਰਿਕਾਰਡ ਦੀ ਜਾਂਚ ਨੇ ਦਰਸਾਇਆ ਕਿ ਨਮੂਨਾ ਜਾਂਚ ਕੀਤੇ ਗਏ ਛੇ ਜ਼ਿਲ੍ਹਿਆਂ ਦੇ ਸਬੰਧਤ ਡੀ ਐਸ ਐਸ ਓਜ਼ ਕੋਲ ਇੱਕ ਸਾਲ ਤੋਂ ਵੱਧ ਸਮੇਂ ਲਈ ਰਾਜ ਤੋਂ ਬਾਹਰ ਰਹੇ ਲਾਭਪਾਤਰੀਆਂ ਸਮੇਤ ਪਛਾਣ ਕੀਤੇ ਗਏ ਯੋਗ/ਅਯੋਗ ਲਾਭਪਾਤਰੀਆਂ ਦੀ ਕੋਈ ਤਿਮਾਹੀ ਰਿਪੋਰਟ ਉਪਲੱਬਧ/ਰੱਖੀ ਨਹੀਂ ਜਾ ਰਹੀ ਸੀ। ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ ਲੋੜੀਂਦੀ ਕਮੇਟੀ ਬਣਾਉਣ ਸਬੰਧੀ ਡੀ ਐਸ ਐਸ ਓਜ਼ ਲੁਧਿਆਣਾ, ਰੂਪਨਗਰ ਅਤੇ ਐਸ ਬੀ ਐਸ ਨਗਰ ਨੇ ਕਿਹਾ (ਜਨਵਰੀ-ਮਾਰਚ 2021) ਕਿ ਇਸ ਮੰਤਵ ਲਈ ਬਲਾਕ ਪੱਧਰ ਤੇ ਅਜਿਹੀ ਕੋਈ ਵੀ ਕਮੇਟੀ ਨਹੀਂ ਬਣਾਈ ਗਈ ਸੀ। ਡੀ ਐਸ ਐਸ ਓਜ਼, ਐਸ ਏ ਐਸ ਨਗਰ ਅਤੇ ਪਟਿਆਲਾ ਨੇ ਕਿਹਾ (ਨਵੰਬਰ 2020 ਅਤੇ ਫਰਵਰੀ 2021) ਕਿ ਰਿਕਾਰਡ ਦੀ ਜਾਂਚ ਕੀਤੀ ਜਾਵੇਗੀ ਅਤੇ ਲੇਖਾ ਪ੍ਰੀਖਿਆ ਨੂੰ ਸੂਚਿਤ ਕੀਤਾ ਜਾਵੇਗਾ। ਡੀ ਐਸ ਐਸ ਓ, ਫਤਿਹਗੜ੍ਹ ਸਾਹਿਬ ਨੇ ਕਿਹਾ (ਅਪ੍ਰੈਲ 2021) ਕਿ ਸਬੰਧਤ ਸੀ ਡੀ ਪੀ ਓਜ਼ ਨੂੰ ਲੋੜੀਂਦੀ ਕਮੇਟੀ ਬਣਾਉਣ ਲਈ ਬੇਨਤੀ ਕੀਤੀ ਗਈ ਸੀ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਸਾਰੇ ਡੀ ਐਸ ਐਸ ਓਜ਼ ਨੂੰ ਕਮੇਟੀ ਬਣਾਉਣ ਦੀ ਹਦਾਇਤ ਕੀਤੀ ਗਈ ਸੀ। ਅੱਗੇ, ਇਹ ਵੀ ਕਿਹਾ ਗਿਆ ਸੀ ਕਿ ਇੱਕ ਸਾਲ ਤੋਂ ਵੱਧ ਸਮੇਂ ਲਈ ਸਟੇਸ਼ਨ ਤੋਂ ਬਾਹਰ ਰਹੇ ਲਾਭਪਾਤਰੀਆਂ ਦੀ ਵਿੱਤੀ ਸਹਾਇਤਾ ਬੰਦ ਕਰਨ ਲਈ ਕਾਰਵਾਈ ਕੀਤੀ ਜਾਵੇਗੀ।

ਇਸ ਤਰ੍ਹਾਂ, ਤੱਥ ਬਰਕਰਾਰ ਰਿਹਾ ਕਿ ਉਪਰੋਕਤ ਉਪਬੰਧਾਂ ਅਧੀਨ ਡੀ ਐਸ ਐਸ ਡਬਲਿਊ ਸੀ ਡੀ ਵੱਲੋਂ ਸਮਾਜਿਕ ਸੁਰੱਖਿਆ ਸਕੀਮਾਂ ਦੇ ਅਧੀਨ ਲਾਭਪਾਤਰੀਆਂ ਦੇ ਡਾਟੇ ਦੀ ਸਮੀਖਿਆ/ਅਪਡੇਸ਼ਨ ਕਰਨ ਲਈ ਲੋੜੀਂਦੀ ਕਾਰਵਾਈ ਨਹੀਂ ਕੀਤੀ ਗਈ ਸੀ। ਤੱਥਾਂ ਦੀ ਰੋਸ਼ਨੀ ਵਿੱਚ ਸਮੇਂ-ਸਮੇਂ ਤੇ ਸਮੀਖਿਆ/ਅਪਡੇਟ ਕਰਨਾ ਵਧੇਰੇ ਮਹੱਤਵ ਰੱਖਦਾ ਹੈ ਕਿ ਜੂਨ 2017 ਵਿੱਚ ਸ਼ੁਰੂ ਕੀਤੀ ਗਈ ਜਾਂਚ ਪ੍ਰਕ੍ਰਿਆ ਦੌਰਾਨ ਅਯੋਗ ਲਾਭਪਾਤਰੀ ਹੀ ਪਛਾਣ ਕੀਤੇ ਗਏ ਸਨ (ਜਿਵੇ ਕਿ ਪੈਰ੍ਹਾ 3.8 ਵਿੱਚ ਚਰਚਾ ਕੀਤੀ ਗਈ ਹੈ)। ਅੱਗੇ, ਲਾਭਪਾਤਰੀਆਂ ਦੇ ਡਾਟੇ ਵਿੱਚ ਵੱਖ-ਵੱਖ ਅੰਤਰ ਵੀ ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਏ ਜਿਨ੍ਹਾਂ ਨੂੰ ਵਿੱਤੀ ਸਹਾਇਤਾ ਦੀ ਨਾ ਬਣਦੀ ਅਦਾਇਗੀ ਨੂੰ ਵੀ ਰੱਦ ਨਹੀ ਕੀਤਾ ਜਾ ਸਕਦਾ ਸੀ ਜਿਵੇ ਕਿ ਰਿਪੋਰਟ ਵਿੱਚ ਚਰਚਾ ਕੀਤੀ ਗਈ ਸੀ।

### *3.14.2 ਲਾਭਪਾਤਰੀਆਂ ਨੂੰ ਐਸ ਐਮ ਐਸ ਅਲਰਟਸ*

ਡੀ ਬੀ ਟੀ ਲਈ ਸਟੈਂਡਰਡ ਅਪਰੇਟਿੰਗ ਪ੍ਰਸੀਜ਼ਰਜ਼ ਅਨੁਸਾਰ ਫੀਡਬੈਕ ਲੂਪ ਦੀ ਸਥਾਪਤੀ ਆਈ ਟੀ ਪਲੇਟਫਾਰਮ ਦਾ ਇੱਕ ਅਨਿਖੜਵਾ ਅੰਗ ਹੈ। ਸਬੰਧਤ ਬੈਂਕਾ ਵੱਲੋਂ ਲੈਂਣ ਦੇਣ ਸਬੰਧੀ ਲਾਭਪਾਤਰੀਆਂ ਨੂੰ ਐਸ ਐਮ ਐਸ (ਸ਼ਾਰਟ ਮੈਸਜ਼ ਸੇਵਾ) ਅਲਰਟਸ ਰਾਹੀ ਦਿੱਤੇ ਗਏ ਸੁਝਾਅ ਤੋਂ ਇਲਾਵਾ, ਪੀ ਐਫ ਐਮ ਐਸ/ਪ੍ਰੋਗ੍ਰਾਮ ਮੰਡਲ ਵੱਲੋਂ ਐਸ ਐਮ ਐਸ ਰਾਹੀ ਲਾਭਪਾਤਰੀਆਂ ਨੂੰ ਸਕੀਮ ਵਾਰ ਭੁਗਤਾਨ ਦੇ ਵੇਰਵੇ ਦੱਸੇ ਜਾਣਗੇ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸਿਰਫ ਸ਼ੁਰੂਆਤੀ ਪੜਾਅ ਤੇ, ਡੀ ਬੀ ਟੀ ਅਧੀਨ ਪੈਨਸ਼ਨ/ਵਿੱਤੀ ਸਹਾਇਤਾ ਦੀ ਮਨਜ਼ੂਰੀ ਸਬੰਧੀ ਐਸ ਐਮ ਐਸ ਅਲਰਟਸ ਦੇ ਇਲਾਵਾ ਲਾਭਪਾਤਰੀਆਂ ਨੂੰ ਡੀ ਬੀ ਟੀ ਦੇ ਅਧੀਨ ਐਸ ਐਮ ਐਸ ਦੁਆਰਾ ਵਿੱਤੀ ਸਹਾਇਤਾ ਦੇ ਭੁਗਤਾਨ

ਬਾਰੇ ਜਾਣਕਾਰੀ ਦਾ ਪ੍ਰਸਾਰ ਕਰਨ ਲਈ ਕੋਈ ਮੈਕਾਨਿਜ਼ਮ ਨਹੀਂ ਸੀ। ਅੱਗੇ ਇਹ ਵੇਖਿਆ ਗਿਆ ਸੀ ਕਿ ਸ਼ੁਰੂਆਤੀ ਐਸ ਐਮ ਐਸ ਅਲਰਟਸ ਦੀ ਸਿਰਫ ਉਹਨਾਂ ਲਾਭਪਾਤਰੀਆਂ ਨੂੰ ਭੇਜੇ ਜਾ ਰਹੇ ਸਨ ਜਿਹਨਾਂ ਦੀਆਂ ਅਰਜ਼ੀਆਂ ਆਨਲਾਈਨ ਮੋਡ ਰਾਹੀਂ ਪ੍ਰਾਪਤ ਕੀਤੀਆਂ ਗਈਆਂ ਸਨ ਅਤੇ ਇਹ ਸਹੂਲਤ ਆਫਲਾਈਨ ਮੋਡ ਰਾਹੀਂ ਅਪਣੀਆਂ ਅਰਜ਼ੀਆਂ ਭੇਜਣ ਵਾਲੇ ਲਾਭਪਾਤਰੀਆਂ ਨੂੰ ਮੁੱਹਈਆ ਨਹੀਂ ਕਰਵਾਈ ਜਾ ਰਹੀ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ 1,83,591 ਲਾਭਪਾਤਰੀਆਂ ਵਿੱਚੋਂ ਜਿਨ੍ਹਾਂ ਨੂੰ ਛੇ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਵਿੱਚ 2017-2021 (ਜੁਲਾਈ 2020 ਤੱਕ) ਦੇ ਦੌਰਾਨ ਡੀ ਬੀ ਟੀ ਦੇ ਅਧੀਨ ਤਿੰਨ ਚੁਣੀਆਂ ਗਈਆਂ ਸਕੀਮਾਂ ਦੇ ਸਬੰਧ ਵਿੱਚ ਵਿੱਤੀ ਸਹਾਇਤਾ ਮਨਜ਼ੂਰ ਕੀਤੀ ਗਈ ਸੀ, ਚੁਣੇ ਗਏ ਚਾਰ ਜ਼ਿਲ੍ਹਿਆਂ[32] ਵਿੱਚ 1,58,568 ਲਾਭਪਾਤਰੀਆਂ (86.37 *ਪ੍ਰਤੀਸ਼ਤ*) ਨੇ ਆਫ ਲਾਈਨ ਮੋਡ ਰਾਹੀਂ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾਈਆਂ ਸਨ ਜਿਨ੍ਹਾਂ ਨੂੰ ਡੀ ਬੀ ਟੀ ਸਕੀਮਾਂ ਅਧੀਨ ਵਿੱਤੀ ਸਹਾਇਤਾ ਦੀ ਮਨਜ਼ੂਰੀ ਬਾਰੇ ਐਸ ਐਮ ਐਸ ਅਲਰਟ ਨਹੀਂ ਭੇਜਿਆ ਗਿਆ ਸੀ। ਰੂਪਨਗਰ ਅਤੇ ਐਸ ਬੀ ਐਸ ਨਗਰ ਵਿੱਚ ਅਰਜ਼ੀਆਂ ਆਨਲਾਈਨ ਮੋਡ ਰਾਹੀਂ ਪ੍ਰਾਪਤ ਕੀਤੀਆਂ ਜਾ ਰਹੀਆਂ ਸਨ। ਇਸ ਤਰ੍ਹਾਂ, ਐਸ ਐਮ ਐਸ ਅਲਰਟਸ ਦੀ ਨਾਕਾਫੀ ਵਿਵਸਥਾ ਕਾਰਣ ਲਾਭਪਾਤਰੀ ਚੁਣੀਆਂ ਗਈਆਂ ਸਕੀਮਾਂ ਅਧੀਨ ਮਹੀਨਾਵਾਰ ਸਹਾਇਤਾ ਦੇ ਭੁਗਾਤਨ ਦੀ ਪੁਸ਼ਟੀ ਪ੍ਰਾਪਤ ਕਰਨ ਦੇ ਅਯੋਗ ਹੋਣਗੇ। ਜਿਵੇਂ ਕਿ ਅਣਅਧਿਕਾਰਤ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਦੀ ਸੰਭਾਵੀ ਟਰਾਂਸਫਰ ਦੇ ਮਾਮਲੇ ਵਿੱਚ ਲਾਭਪਾਤਰੀ ਵਿਭਾਗ ਤੋਂ ਵਿੱਤੀ ਸਹਾਇਤਾ ਮਨਜ਼ੂਰੀ/ਅਦਾਇਗੀ ਬਾਰੇ ਪੁਸ਼ਟੀ/ਪੁਛਗਿਛ ਨਹੀ ਕਰ ਸਕਦੇ ਸਨ ਅਤੇ ਟਰਾਂਸਫਰ ਦਾ ਪਤਾ ਨਹੀਂ ਲਗਾਇਆ ਜਾ ਸਕਦਾ ਹੈ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਲਾਭਪਾਤਰੀਆਂ ਦੇ ਸਬੰਧਤ ਬੈਂਕਾਂ ਨੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਵਿੱਤੀ ਸਹਾਇਤਾ ਦੇ ਕ੍ਰੈਡਿਟ ਬਾਰੇ ਐਸ ਐਮ ਐਸ ਅਲਰਟਸ ਭੇਜੇ ਹੋ ਸਕਦੇ ਹਨ। ਵਿਭਾਗ ਦਾ ਜਵਾਬ ਉਪਰੋਕਤ ਉਪਬੰਧਾਂ ਦੇ ਅਨੁਰੂਪ ਨਹੀਂ ਸੀ। ਡਾਇਰੈਕਟਰ ਨੇ ਅੱਗੇ ਕਿਹਾ ਕਿ ਜਿਵੇ ਤੇ ਜਦੋਂ ਪੀ ਐਫ ਐਮ ਐਸ ਰਾਹੀ ਅਦਾਇਗੀ ਕ੍ਰਿਆਸ਼ੀਲ ਕੀਤੀ ਜਾਦੀ ਹੈ, ਭੁਗਤਾਨ ਦੀ ਮਨਜ਼ੂਰੀ ਦੇ ਸਬੰਧ ਵਿੱਚ ਲਾਭਪਾਤਰੀਆਂ ਨੂੰ ਐਸ ਐਮ ਐਸ ਅਲਰਟਸ ਭੇਜੇ ਜਾਣਗੇ।

### *3.14.3 ਅਸਫਲ ਕਾਰਵਿਹਾਰਾਂ ਦਾ ਪ੍ਰਬੰਧਨ*

ਡੀ ਬੀ ਟੀ (ਸੈਕਸ਼ਨ 7) ਲਈ ਸਟੈਂਡਰਡ ਅਪਰੇਟਿੰਗ ਪ੍ਰੋਸੀਜਰਜ਼ ਮੋਡਿਊਲਜ਼ ਅਨੁਸਾਰ, ਵਿਭਾਗ ਦੁਆਰਾ ਅਸਫਲ ਕਾਰਵਿਹਾਰਾਂ ਲਈ ਭੁਗਤਾਨ ਲੋੜੀਂਦੇ ਬਦਲਾਅ/ਸੋਧ ਕਰਨ ਤੋਂ ਬਾਅਦ ਦੁਬਾਰਾ ਸ਼ੁਰੂ ਕੀਤਾ ਜਾਂਵਗਾ।

ਲੇਖਾ ਪ੍ਰੀਖਿਆ ਨੇ ਨਮੂਨਾ ਜਾਂਚ ਕੀਤੇ ਛੇ ਜ਼ਿਲ੍ਹਿਆਂ ਵਿੱਚ ਦੇਖਿਆ ਕਿ ਭਾਵੇ ਅਸਫਲ ਕਾਰਵਿਹਾਰਾਂ ਦੀ ਜਾਣਕਾਰੀ/ਸੂਚੀ ਸਬੰਧਤ ਬੈਂਕਾਂ ਦੁਆਰਾ ਡੀ ਐਸ ਐਸ ਓਜ਼ ਨੂੰ ਭੇਜੀ ਜਾ ਰਹੀ ਸੀ ਪਰ ਨਮੂਨਾ

[32] (i) ਫਤਿਹਗੜ੍ਹ ਸਾਹਿਬ (13,261); (ii) ਲੁਧਿਆਣਾ (85,367); (iii) ਪਟਿਆਲਾ (50,607); ਅਤੇ (iv) ਐਸ ਏ ਐਸ ਨਗਰ (9,333)।

ਜਾਂਚ ਕੀਤੇ ਗਏ ਚਾਰ ਜ਼ਿਲ੍ਹਿਆਂ ਭਾਵ ਪਟਿਆਲਾ, ਰੂਪਨਗਰ, ਐਸ ਬੀ ਐਸ ਨਗਰ ਅਤੇ ਐਸ ਏ ਐਸ ਨਗਰ ਵਿੱਚ ਅਸਫਲ ਕਾਰਵਿਹਾਰਾਂ ਨੂੰ ਮੁੜ-ਸ਼ੁਰੂ ਕਰਨ ਲਈ ਕੋਈ ਪ੍ਰਣਾਲੀ ਮੌਜੂਦ ਨਹੀਂ ਸੀ। 2017-2021 (ਜੁਲਾਈ 2020 ਤੱਕ) ਦੇ ਸਮੇਂ ਦੌਰਾਨ ਚਾਰ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਦੇ ਸਬੰਧ ਵਿੱਚ ਅਸਫਲ ਕਾਰਵਿਹਾਰਾਂ ਦੇ ₹ 20.68 ਕਰੋੜ ਦੀ ਰਾਸ਼ੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਈ ਗਈ ਸੀ, ਜਿਵੇ ਕਿ **ਸਾਰਣੀ 3.11** ਵਿੱਚ ਵਿਸਥਾਰਤ ਕੀਤਾ ਗਿਆ ਹੈ।

**ਸਾਰਣੀ 3.11: 2017-2021 (ਜੁਲਾਈ 2020 ਤੱਕ) ਦੌਰਾਨ ਖਜ਼ਾਨੇ ਵਿੱਚ ਜਮ੍ਹਾਂ ਕਰਵਾਈ ਗਈ ਅਸਫਲ ਕਾਰਵਿਹਾਰਾਂ ਦੀ ਰਾਸ਼ੀ**

*(₹ ਕਰੋੜ ਵਿੱਚ)*

| ਜ਼ਿਲ੍ਹੇ ਦਾ ਨਾਂਅ | 2017-18 | 2018-19 | 2019-20 | 2020-21 (ਜੁਲਾਈ 2020 ਤੱਕ) | ਜੋੜ |
|---|---|---|---|---|---|
| ਪਟਿਆਲਾ | 3.75 | 3.04 | 1.63 | 0.50 | 8.92 |
| ਰੂਪਨਗਰ | 0.48 | 1.95 | 3.50 | 0.86 | 6.79 |
| ਐਸ ਬੀ ਐਸ ਨਗਰ | 0.24 | 0.22 | 0.05 | 0.08 | 0.59 |
| ਐਸ ਏ ਐਸ ਨਗਰ | 0.01 | 3.68 | 0.55 | 0.14 | 4.38 |
| **ਜੋੜ** | **4.48** | **8.89** | **5.73** | **1.58** | **20.68** |

*ਸ੍ਰੋਤ: ਵਿਭਾਗੀ ਡਾਟਾ*

ਲੇਖਾ ਪ੍ਰੀਖਿਆ ਵਿੱਚ ਇਹ ਧਿਆਨ ਵਿੱਚ ਲਿਆਂਦੇ ਜਾਣ ਤੇ ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ (ਜੁਲਾਈ 2021) ਨੇ ਕਿਹਾ ਕਿ ਸਾਰੇ ਡੀ ਐਸ ਐਸ ਓਜ਼ ਨੂੰ ਅਸਫਲ ਕਾਰਵਿਹਾਰਾਂ ਨੂੰ ਨਿਯਮਤ ਕਰਨ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ ਤਾਂ ਕਿ ਲਾਭਪਾਤਰੀਆਂ ਨੂੰ ਜਲਦੀ ਤੋਂ ਜਲਦੀ ਵਿੱਤੀ ਸਹਾਇਤਾ ਮੁੱਹਈਆ ਕੀਤੀ ਜਾ ਸਕੇ। ਇਹ ਵੀ ਜੋੜਿਆ ਗਿਆ ਸੀ ਕਿ ਰਾਜ ਵਿੱਚ ਪੀ ਐਫ ਐਮ ਐਸ ਦੇ ਲਾਗੂਕਰਨ ਦੇ ਬਾਅਦ ਅਸਫਲ ਕਾਰਵਿਹਾਰ ਸਮੇਂਬੱਧ ਤਰੀਕੇ ਨਾਲ ਮੁੜ ਸ਼ੁਰੂ ਕੀਤੇ ਜਾਣਗੇ। ਤੱਥ ਬਰਕਰਾਰ ਕਿਹਾ ਕਿ ਅਸਫਲ ਕਾਰਵਿਹਾਰਾਂ ਦੀ ਗੈਰ-ਨਿਯਮਤਤਾ ਸਮਾਜਿਕ ਸੁੱਰਖਿਆ ਸਕੀਮਾਂ ਅਧੀਨ ਲੋੜਵੰਦ ਅਤੇ ਗਰੀਬ ਲੋਕਾਂ ਨੂੰ ਵਿੱਤੀ ਸਹਾਇਤਾ ਤੋਂ ਵਾਂਝੇ ਕਰ ਸਕਦੀ ਸੀ।

## 3.15 ਸਕੀਮ ਡਿਜ਼ਾਈਨ

ਡੀ ਐਸ ਐਸ ਡਬਲਿਊ ਸੀ ਡੀ ਵੱਲੋਂ ਜਾਰੀ ਨੋਟੀਫਿਕੇਸ਼ਨ (ਜੂਨ 2017) ਅਨੁਸਾਰ, ਸਮਾਜਿਕ ਸੁਰੱਖਿਆ ਸਕੀਮਾਂ ਦੇ ਅਧੀਨ ਵਿੱਤੀ ਸਹਾਇਤਾ ਦੀ ਅਰਜ਼ੀ ਪ੍ਰਾਪਤ ਕਰਨ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ ਸਬੰਧਤ ਡੀ ਐਸ ਐਸ ਓ ਦੁਆਰਾ ਪ੍ਰਵਾਨਗੀ ਦਿੱਤੀ ਜਾਵੇਗੀ ਅਤੇ ਵਿੱਤੀ ਸਹਾਇਤਾ/ ਪੈਨਸ਼ਨ ਨੂੰ ਤਿਮਾਹੀ ਮਨਜ਼ੂਰ/ਸ਼ੁਰੂ ਕੀਤਾ ਜਾਵੇਗਾ। ਇਸ ਤੋਂ ਪਹਿਲਾਂ, ਜੇ ਲਾਭਪਾਤਰੀ ਨੇ ਮਹੀਨੇ ਦੀ 20 ਤਾਰੀਖ ਤੱਕ ਅਰਜ਼ੀ ਦਿੱਤੀ ਸੀ ਤਾ ਉਸੇ ਮਹੀਨੇ ਵਿੱਤੀ ਸਹਾਇਤਾ ਮਨਜ਼ੂਰ/ਸ਼ੁਰੂ ਕੀਤੀ ਜਾ ਰਹੀ ਸੀ ਨਹੀਂ ਤਾਂ ਇਹ ਅਗਲੇ ਮਹੀਨੇ ਤੋਂ ਮੁਹੱਈਆਂ ਕਰਵਾਈ ਗਈ ਸੀ।

ਨਮੂਨਾ ਜਾਂਚ ਕੀਤੇ ਗਏ ਛੇ ਜ਼ਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧ ਵਿੱਚ ਇਹ ਧਿਆਨ ਵਿੱਚ ਆਇਆ ਸੀ ਕਿ ਅਪ੍ਰੈਲ 2017 ਤੋਂ ਜੂਨ 2020 ਦੇ ਸਮੇਂ ਦੌਰਾਨ ਹਰੇਕ ਤਿਮਾਹੀ ਦੇ ਪਹਿਲੇ ਜਾਂ ਦੂਜੇ ਮਹੀਨੇ ਵਿੱਚ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਮਨਜ਼ੂਰ ਕੀਤੀ ਗਈ ਸੀ। ਪ੍ਰੰਤੂ, ਇਹਨਾਂ ਲਾਭਪਾਤਰੀਆਂ ਨੂੰ ਅਦਾਇਗੀ ਉਸੇ ਮਹੀਨੇ ਦੀ ਅਗਲੀ ਤਿਮਾਹੀ ਦੇ ਪਹਿਲੇ ਮਹੀਨੇ ਤੋਂ ਕੀਤੀ ਗਈ ਸੀ ਜਿਸ ਵਿੱਚ ਡੀ ਐਸ ਐਸ ਓਜ਼ ਦੁਆਰਾ ਵਿੱਤੀ ਸਹਾਇਤਾ ਮਨਜ਼ੂਰ ਕੀਤੀ ਗਈ ਸੀ। ਇਸ ਤਰ੍ਹਾਂ ਲਾਭਪਾਤਰੀਆਂ ਨੇ ਮਨਜ਼ੂਰੀ ਦੀ ਮਿਤੀ ਤੋਂ 1-2 ਮਹੀਨਿਆਂ ਦੀ ਦੇਰੀ ਦੇ ਬਾਅਦ ਵਿੱਤੀ ਲਾਭ ਪ੍ਰਾਪਤ ਕੀਤੇ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਹੁਣ ਤੱਕ ਦੇ ਨਿਯਮਾਂ ਅਨੁਸਾਰ ਮੁਹੱਈਆ ਕਾਰਵਾਈ ਗਈ ਸੀ। ਇਹ ਵੀ ਜੋੜਿਆ ਗਿਆ ਸੀ ਕਿ ਰਾਜ ਸਰਕਾਰ ਨੇ 'ਕੋਵਿਡ ਆਰਫਨ ਪੈਨਸ਼ਨ ਸਕੀਮ' ਸ਼ੁਰੂ ਕੀਤੀ ਸੀ ਜਿਸ ਵਿੱਚ ਸਾਰੇ ਲਾਭਪਾਤਰੀਆਂ ਨੂੰ ਸਹਾਇਤਾ ਅਗਲੇ ਮਹੀਨੇ ਵਿੱਚ ਦਿੱਤੀ ਜਾ ਰਹੀ ਸੀ ਜਿਸ ਮਹੀਨੇ ਵਿੱਚ ਲਾਭਪਾਤਰੀਆਂ ਨੇ ਅਪਲਾਈ ਕੀਤਾ ਸੀ। ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਅਦਾਇਗੀ ਨੀਤੀਗਤ ਮਾਮਲਾ ਹੋਣ ਕਾਰਣ ਰਾਜ ਸਰਕਾਰ ਪੱਧਰ ਤੇ ਫੈਸਲਾ ਲੈਣ ਤੋਂ ਬਾਅਦ ਵੀ ਉਹੀ ਪ੍ਰਣਾਲੀ ਲਾਗੂ ਕੀਤੀ ਜਾਵੇਗੀ।

## 3.16 ਸਿੱਟੇ

ਰਾਜ ਵਿੱਚ ਡੀ ਬੀ ਟੀ ਨੂੰ ਲਾਗੂ ਕਰਨ ਲਈ ਮੁੜ-ਇੰਜੀਨੀਅਰਿੰਗ ਪ੍ਰਕ੍ਰਿਆ ਤਰੁਟੀਪੂਰਣ ਸੀ ਜਿਵੇਂ ਕਿ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੌਰਾਨ ਹੇਠ ਲਿਖੀਆਂ ਅੰਸਗਤੀਆਂ ਤੋਂ ਸਪੱਸ਼ਟ ਹੁੰਦਾ ਹੈ:

- ਵਿਭਾਗ ਵਲੋਂ ਲਾਗੂ ਕੀਤੀ ਗਈ ਪ੍ਰਣਾਲੀ ਡੀ ਬੀ ਟੀ ਢਾਂਚੇ ਦੀ ਭਾਵਨਾ ਦੀ ਅਨੁਰੂਪਤਾ ਵਿੱਚ ਨਹੀਂ ਸੀ ਜਿਸ ਰਾਹੀਂ ਲਾਭਾਂ ਦੀ ਬਦਲੀ ਸਿੱਧੀ ਲਾਭਪਾਤਰੀਆਂ ਨੂੰ ਹੋਣੀ ਚਾਹੀਦੀ ਹੈ ਇਹ ਪ੍ਰਣਾਲੀ ਨੂੰ ਲਾਭ ਟਰਾਂਸਫਰ ਕਿਹਾ ਜਾ ਸਕਦਾ ਹੈ ਪਰ 'ਸਿੱਧੇ' ਲਾਭ ਟਰਾਂਸਫਰ ਵਜੋਂ ਨਹੀਂ।

- ਸਾਰੀਆਂ ਸਮਾਜਿਕ ਸੁਰੱਖਿਆ ਸਕੀਮਾਂ ਨੂੰ ਡੀ ਬੀ ਟੀ ਦੇ ਅਧੀਨ ਲਿਆਉਣ ਦੇ ਰਾਜ ਸਰਕਾਰ ਦੇ ਫੈਸਲੇ (ਮਾਰਚ 2017) ਦੇ ਤਿੰਨ ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ, ਡੀ ਐਸ ਐਸ ਡਬਲਿਊ ਸੀ ਡੀ ਸਮਾਜਿਕ ਸੁਰੱਖਿਆ ਸਕੀਮਾਂ ਦੇ ਅਧੀਨ ਵਿੱਤੀ ਸਹਾਇਤਾ ਦੇਣ ਵਿੱਚ ਸਿਰਫ ਇੱਕ ਵਿਚੋਲੀਏ ਪੱਧਰ (ਗ੍ਰਾਮ ਪੰਚਾਇਤ ਬੈਂਕ ਖਾਤੇ ਰਾਹੀ ਭੁਗਤਾਨ) ਨੂੰ ਘਟਾ ਸਕਿਆ ਸੀ ਇਸ ਤਰ੍ਹਾਂ, ਡੀ ਬੀ ਟੀ ਮੈਨੂਅਲ ਦੇ ਸਟੈਂਡਰਡ ਅਪਰੇਟਿੰਗ ਪ੍ਰਸੀਜ਼ਰ ਦੀ ਪਾਲਣਾ ਨਹੀਂ ਕੀਤੀ।

- ਭਾਵੇਂ ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਕਿ 92 *ਪ੍ਰਤੀਸ਼ਤ* ਡਿਜੀਟਾਈਜ਼ਡ ਲਾਭਪਾਤਰੀਆਂ ਦੇ ਅਧਾਰ ਨੰਬਰ ਕੈਪਚਰ ਕੀਤੇ ਗਏ ਸਨ ਪਰ ਪੀ ਐਫ ਐਮ ਐਸ ਵਿੱਚ/ਰਾਜ ਦੇ ਖਜ਼ਾਨੇ ਲੇਖੇ ਰਾਹੀਂ ਭੁਗਤਾਨ ਫਾਈਲਾਂ ਦੇ ਨਿਰਦੇਸ਼ ਬਣਾਉਣ ਰਾਹੀਂ ਵਿੱਤੀ ਸਹਾਇਤਾ ਸਿੱਧੇ

ਲਾਭਪਾਤਰੀਆਂ ਦੇ ਆਧਾਰ ਨਾਲ ਜੁੜੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕਰਨ ਦੀ ਪ੍ਰਣਾਲੀ ਨੂੰ ਯਕੀਨੀ ਨਹੀਂ ਬਣਾਇਆ ਗਿਆ ਸੀ।

- ਲਾਭਪਾਤਰੀਆਂ ਦੇ ਡਾਟੇ ਨੂੰ ਪੀ ਬੀ ਐਮ ਐਸ ਵਿੱਚ ਪੋਰਟ ਕਰਨ ਤੋਂ ਬਾਅਦ ਨਾ ਹੀ ਵਿਰਾਸਤੀ ਡਾਟੇ ਦੀ ਮੁਕੰਮਲਤਾ, ਪ੍ਰਮਾਣਿਕਤਾ ਅਤੇ ਸ਼ੁੱਧਤਾ ਦੀ ਜਾਂਚ ਕਰਨ ਦੀ ਸਮੀਖਿਆ ਕੀਤੀ ਗਈ ਸੀ ਨਾ ਹੀ ਉਨ੍ਹਾਂ ਨੂੰ ਆਪਣੇ ਪੱਧਰ ਤੇ ਡਾਟੇ ਦੀ ਜਾਂਚ ਕਰਨ ਲਈ ਡੀ ਐਸ ਐਸ ਡਬਲਿਊ ਸੀ ਡੀ ਨੂੰ ਕੋਈ ਹਦਾਇਤਾਂ ਦਿੱਤੀਆਂ ਗਈਆਂ ਸਨ ਕਿਉਂਕਿ ਲੇਖਾ ਪ੍ਰੀਖਿਆ ਨੇ ਡੁਪਲੀਕੇਟ ਪੀ ਐਲ ਏ ਨੰਬਰਾਂ, ਲਾਭਪਾਤਰੀਆਂ ਦੀ ਨਿਰਧਾਰਤ ਸੀਮਾ ਤੋਂ ਘੱਟ/ਵੱਧ ਉਮਰ, ਮਹਿਲਾ ਲਾਭਪਾਤਰੀਆਂ (ਐਫ ਏ ਡਬਲਿਊ ਡੀ ਡਬਲਿਊ) ਦੀ ਸਕੀਮ ਨੂੰ ਮਰਦ ਜੈਂਡਰ ਵਜੋਂ ਸਵੀਕਾਰ ਕਰਨ ਦੇ ਮਾਮਲੇ ਦੇਖੇ ਸਨ। ਇਸ ਤੋਂ ਇਲਾਵਾ, ਲਾਭਪਾਤਰੀਆਂ ਦੇ ਡੁਪਲੀਕੇਟ ਰਿਕਾਰਡ, ਅਯੋਗ ਲਾਭਪਾਤਰੀਆ ਨੂੰ ਬਾਹਰ ਨਾ ਕੱਢਣਾ ਅਤੇ ਇੱਕੋਂ ਹੀ ਲਾਭਪਾਤਰੀਆਂ ਨੂੰ ਇੱਕ ਤੋਂ ਵੱਧ ਸਕੀਮਾਂ ਵਿੱਚ ਵਿੱਤੀ ਸਹਾਇਤਾ ਦੇਣ ਆਦਿ ਦੇ ਮਾਮਲੇ ਵੀ ਦੇਖੇ ਗਏ ਸਨ।

- ਡੀ ਐਸ ਐਸ ਡਬਲਿਊ ਸੀ ਡੀ ਨੇ ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਸਮਾਜਿਕ ਸੁਰੱਖਿਆ ਸਕੀਮਾਂ ਦੇ ਅਧੀਨ 18,583 ਅਯੋਗ ਲਾਭਪਾਤਰੀਆਂ ਨੂੰ ਬਾਹਰ ਕੱਢਿਆ। ਜਦੋਂਕਿ ਉਨ੍ਹਾਂ ਤੋਂ ਜੁਲਾਈ 2021 ਤੱਕ ₹ 37.09 ਕਰੋੜ ਵਿੱਚੋਂ ਸਿਰਫ ₹ 0.33 ਕਰੋੜ ਹੀ ਵਸੂਲ ਕੀਤੇ ਗਏ ਸਨ। ਦੂਜੇ ਪਾਸੇ, ਅਪ੍ਰੈਲ 2017 ਤੋਂ ਜੁਲਾਈ 2020 ਦੌਰਾਨ ਛੇ ਨਮੂਨਾ ਜਾਂਚ ਕੀਤੇ ਗਏ ਜ਼ਿਲ੍ਹਿਆਂ ਵਿੱਚ ਤਿੰਨ ਚੁਣੀਆਂ ਗਈਆਂ ਸਕੀਮਾਂ ਦੇ ਯੋਗ ਲਾਭਪਾਤਰੀਆਂ ਨੂੰ ₹ 277.96 ਕਰੋੜ ਦੀ ਵਿੱਤੀ ਸਹਾਇਤਾ ਮੁਹੱਈਆ ਨਹੀਂ ਕਰਵਾਈ ਗਈ ਸੀ। ਇਸ ਦੇ ਇਲਾਵਾ, ਵਿੱਤੀ ਸਹਾਇਤਾ ਦੇ ਦੇਰੀ ਹੋਏ/ਪੇਸ਼ਗੀ ਮੰਨਜ਼ੂਰੀ/ਅਦਾਇਗੀ ਦੇ ਮਾਮਲੇ ਵੀ ਧਿਆਨ ਵਿੱਚ ਆਏ ਸਨ।

- ਮਾਸਟਰ ਡਾਟਾਬੇਸ ਵਿੱਚ ਬਦਲਾਅ ਭਾਵ ਲਾਭਪਾਤਰੀਆਂ ਦੇ ਬੈਂਕ ਖਾਤਾ ਨੰਬਰਾਂ ਵਿੱਚ ਬਦਲਾਵ, ਆਦਿ ਡੀ ਐਸ ਐਸ ਓਜ਼ ਦੁਆਰਾ ਕਿਸੇ ਅਥਾਰਟੀ ਜਾਂ ਬਿਨੈਕਾਰ ਦੀ ਆਨ ਰਿਕਾਰਡ ਬੇਨਤੀ ਤੋਂ ਬਿਨਾਂ ਕੀਤੇ ਜਾ ਰਹੇ ਸਨ। ਲਾਭਪਾਤਰੀਆ ਨੂੰ ਵਿੱਤੀ ਸਹਾਇਤਾ ਦੇ ਭੁਗਤਾਨ ਅਤੇ ਸਬੰਧਤ ਬੈਂਕਾਂ ਤੋਂ ਪ੍ਰਾਪਤ ਹੋਏ ਅਸਫਲ ਕਾਰਵਿਹਾਰਾਂ ਦੇ ਨਿਯਮਾਂ ਬਾਰੇ ਐਸ ਐਮ ਐਸ ਰਾਹੀ ਜਾਣਕਾਰੀ ਦੇ ਪ੍ਰਸਾਰ ਦੀ ਵੀ ਘਾਟ ਸੀ।

- ਮ੍ਰਿਤਕਾਂ ਨੂੰ ਵਿੱਤੀ ਸਹਾਇਤਾ ਬੰਦ ਕਰਨ ਨੂੰ ਯਕੀਨੀ ਬਣਾਉਣ ਲਈ ਭਾਰਤ ਦੇ ਰਜਿਸਟਰਾਰ ਜਨਰਲ ਦੁਆਰਾ ਮ੍ਰਿਤਕ ਲਾਭਪਾਤਰੀਆਂ ਦੀ ਪਛਾਣ ਲਈ ਡੀ ਐਸ ਐਸ ਡਬਲਿਊ ਸੀ ਡੀ ਵਿੱਚ ਕੋਈ ਮੈਕਾਨਿਜ਼ਮ ਮੌਜੂਦ ਨਹੀਂ ਸੀ। ਜੂਨ 2017 ਵਿੱਚ ਰਾਜ ਸਰਕਾਰ ਵੱਲੋਂ ਕੀਤੀ ਗਈ ਸਮੀਖਿਆ ਦੌਰਾਨ ਅਯੋਗ ਲਾਭਪਾਤਰੀਆਂ ਦੀ ਵੱਡੀ ਗਿਣਤੀ ਦਾ ਪਤਾ ਲਗਾਉਣ ਦੇ ਬਾਵਜੂਦ ਯੋਗ/ਅਯੋਗ ਲਾਭਪਾਤਰੀਆਂ ਦੀ ਸਮੇਂ-ਸਮੇਂ ਤੇ ਸਮੀਖਿਆ/ਸ਼ਨਾਖਤ ਕਰਨ ਲਈ ਵਿਭਾਗ ਵੱਲੋਂ ਸ਼ੁਰੂ ਕੀਤੀਆਂ ਗਈਆਂ ਲੋੜੀਂਦੀਆ ਕਮੇਟੀਆਂ ਦਾ ਬਲਾਕ ਪੱਧਰ ਤੇ ਗਠਨ ਨਹੀਂ ਕੀਤਾ ਗਿਆ ਸੀ।

- ਲਾਭਪਾਤਰੀਆਂ ਨੂੰ ਮਨਜ਼ੂਰੀ ਦੇ ਮਹੀਨੇ ਤੋਂ ਲੈ ਕੇ ਅਗਲੀ ਤਿਮਾਹੀ ਦੇ ਪਹਿਲੇ ਮਹੀਨੇ ਤੱਕ ਦੀ ਵਿੱਤੀ ਸਹਾਇਤਾ ਸ਼ੁਰੂ ਕਰਨ ਵਿੱਚ ਤਬਦੀਲੀ ਦੇ ਸਬੰਧ ਵਿੱਚ ਸਕੀਮ ਦੇ ਡਿਜ਼ਾਇਨ ਵਿੱਚ ਕਮੀਆਂ ਨਾਲ ਮਨਜ਼ੂਰੀ ਦੀ ਮਿਤੀ ਤੋਂ ਵਿੱਤੀ ਸਹਾਇਤਾ ਦੀ ਪ੍ਰਾਪਤੀ ਵਿੱਚ 1-2 ਮਹੀਨੇ ਦੀ ਦੇਰੀ ਹੋਈ।

## 3.17 ਸਿਫਾਰਸ਼ਾਂ

ਲੇਖਾ ਪ੍ਰੀਖਿਆ ਲੱਭਤਾਂ ਦੀ ਰੋਸ਼ਨੀ ਵਿੱਚ, ਰਾਜ ਸਰਕਾਰ ਵਿਚਾਰ ਕਰ ਸਕਦੀ ਹੈ:

*(i)* *ਡੀ ਬੀ ਟੀ ਮੈਨੂਅਲ ਦੀ ਸਟੈਂਡਰਡ ਅਪਰੇਟਿੰਗ ਪ੍ਰਸੀਜ਼ਰ ਅਨੁਸਾਰ ਮੌਜੂਦਾ ਦਖਲਅੰਦਾਜੀ ਲੇਅਰਾਂ ਨੂੰ ਖਤਮ ਕਰਨ ਲਈ ਉਚਿੱਤ ਕਦਮ ਚੁੱਕਣਾ, ਇਸ ਤੋਂ ਇਲਾਵਾ, ਪੀ ਐਫ ਐਮ ਐਸ ਵਿੱਚ ਭੁਗਤਾਨ ਫਾਈਲਾਂ ਬਣਾਉਣ ਦੇ ਨਿਰਦੇਸ਼ਾਂ ਦੁਆਰਾ ਲਾਭਪਾਤਰੀਆ ਦੇ ਅਧਾਰ ਨਾਲ ਜੁੜੇ ਬੈਂਕ ਖਾਤਿਆਂ ਵਿੱਚ ਸਿੱਧੀ ਵਿੱਤੀ ਸਹਾਇਤਾ ਨੂੰ ਟਰਾਂਸਫਰ ਕਰਨ/ ਰਾਜ ਖਜ਼ਾਨਾ ਲੇਖੇ ਰਾਹੀ ਫੰਡਾ ਦੇ ਪ੍ਰਵਾਹ ਨੂੰ ਤੇਜ, ਸੁੱਰਖਿਅਤ ਅਤੇ ਭੁਗਤਾਨ ਵਿੱਚ ਪਿਲਫਰਿਜ/ਡੁਪਲੀਕੇਸ਼ਨ ਨੂੰ ਰੋਕਣ ਲਈ ਪ੍ਰਣਾਲੀ ਅਪਨਾਉਣਾ;*

*(ii)* *ਪੀ ਬੀ ਐਮ ਐਸ ਵਿੱਚ ਪਹਿਲਾਂ ਹੀ ਪੋਰਟ ਕੀਤੇ ਗਏ ਵਿਰਾਸਤੀ ਡਾਟੇ ਦੀ ਮੁਕੰਮਲਤਾ, ਪ੍ਰਮਾਣਿਕਤਾ ਅਤੇ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਲਾਭਪਾਤਰੀਆਂ ਦੇ ਡਾਟੇ ਦੀ ਵਿਆਪਕ ਸਮੀਖਿਆ ਕਰਨਾ;*

*(iii)* *ਪੀ ਬੀ ਐਮ ਐਸ ਐਪਲੀਕੇਸ਼ਨ ਵਿੱਚ ਲੋੜੀਂਦਾ ਇਨਪੁੱਟ ਅਤੇ ਪ੍ਰਮਾਣਿਕਤਾ ਕੰਟਰੋਲ ਸਥਾਪਤ ਕਰਨਾ ਤਾ ਕਿ ਡੁਪਲੀਕੇਟ, ਗੈਰ-ਪ੍ਰਮਾਣਿਕ ਅਤੇ ਅਵੈਧ ਡਾਟੇ ਨੂੰ ਰੋਕਿਆ ਜਾਵੇਂ ਜਿਸ ਨਾਲ ਡੀ ਬੀ ਟੀ ਅਧੀਨ ਸਮਾਜਿਕ ਸੁਰੱਖਿਆ ਸਕੀਮਾਂ ਦੇ ਸਬੰਧਤ ਨਿਯਮਾਂ ਦੇ ਉਪਬੰਧਾਂ ਅਨੁਸਾਰ ਯੋਗ ਲਾਭਪਾਤਰੀਆਂ ਦਾ ਡਾਟਾ ਹਾਸਲ ਕੀਤਾ ਜਾਵੇ;*

*(iv)* *ਪ੍ਰਮਾਣਿਤ ਰਿਕਾਰਡ ਦੇ ਅਧਾਰ ਤੇ ਲਾਭਪਾਤਰੀਆਂ ਦੇ ਡੇਟਾਬੇਸ ਵਿੱਚ ਸੋਧ ਲਈ ਮੈਕਾਨਿਜ਼ਮ ਸਥਾਪਤ ਕਰਨਾ; ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੇ ਭੁਗਤਾਨ ਬਾਰੇ ਐਸ ਐਮ ਐਸ ਦੁਆਰਾ ਜਾਣਕਾਰੀ ਦਾ ਪ੍ਰਸਾਰ; ਅਤੇ ਸਬੰਧਤ ਬੈਂਕਾਂ ਤੋਂ ਪ੍ਰਾਪਤ ਅਸਫਲ ਕਾਰਵਿਹਾਰਾਂ ਦੇ ਨਿਯਮ;*

*(v)* *ਮ੍ਰਿਤਕਾਂ ਨੂੰ ਵਿੱਤੀ ਸਹਾਇਤਾ ਬੰਦ ਕਰਨ ਨੂੰ ਯਕੀਨੀ ਬਣਾਉਣ ਲਈ ਭਾਰਤ ਦੇ ਰਜਿਸਟਰਾਰ ਜਨਰਲ ਕੋਲ ਮ੍ਰਿਤਕ ਲਾਭਪਾਤਰੀਆਂ ਦੀ ਪਛਾਣ ਕਰਨ ਲਈ ਉਪਲਬੱਧ ਮੌਤ ਦੇ ਡਾਟੇ ਨਾਲ ਲਾਭਪਾਤਰੀਆਂ ਦੇ ਡਾਟੇ ਨਾਲ ਏਕੀਕਰਣ ਕਰਨਾ, ਇਸ ਤੋਂ ਇਲਾਵਾ, ਯੋਗ/ਅਯੋਗ ਲਾਭਪਾਤਰੀਆਂ ਦੀ ਸਮੇਂ-ਸਮੇਂ ਤੇ ਸਮੀਖਿਆ/ਸ਼ਨਾਖਤ ਕਰਨ ਲਈ ਬਲਾਕ ਪੱਧਰਾਂ ਤੇ ਮੈਕਾਨਿਜ਼ਮ ਨੂੰ ਅਪਨਾਉਣਾ ਤਾਂ ਜੋ ਸਹੀ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਅਦਾਇਗੀ ਨੂੰ ਯਕੀਨੀ ਬਨਾਉਣਾ; ਅਤੇ*

*(vi)* *ਸਬੰਧਤ ਅਥਾਰਟੀਆਂ ਵੱਲੋਂ ਜਿੰਮੇਵਾਰੀ ਤੈਅ ਕਰਨ ਵਿੱਚ ਢਿਲਮੱਠ ਤੋਂ ਇਲਾਵਾ ਅਯੋਗ ਲਾਭਪਾਤਰੀਆਂ ਤੋਂ ਵਿੱਤੀ ਸਹਾਇਤਾ ਦੀ ਅਯੋਗ/ਵਾਧੂ ਅਦਾਇਗੀ ਦੀ ਵਸੂਲੀ ਲਈ ਸਖਤ ਕੋਸ਼ਿਸਾਂ ਕਰਨਾ।*

# ਅਧਿਆਇ-IV

# ਡਾਇਰੈਕਟ ਬੈਨੀਫਿਟ ਟਰਾਂਸਫਰ ਦਾ ਬੁਨਿਆਦੀ ਢਾਂਚਾ, ਸੰਗਠਨ ਅਤੇ ਪ੍ਰਬੰਧਨ

# ਅਧਿਆਇ-IV

# ਡਾਇਰੈਕਟ ਬੈਨੀਫਿਟ ਟਰਾਂਸਫਰ ਦਾ ਬੁਨਿਆਦੀ ਢਾਂਚਾ, ਸੰਗਠਨ ਅਤੇ ਪ੍ਰਬੰਧਨ

## 4.1 ਰਾਜ ਡਾਇਰੈਕਟ ਬੈਨੀਫਿਟ ਟਰਾਂਸਫਰ ਸੈੱਲ

ਰਾਜਾਂ ਵਿੱਚ (ਜੂਨ 2017) ਡਾਇਰੈਕਟ ਬੈਨੀਫਿਟ ਟਰਾਂਸਫਰ (ਡੀ ਬੀ ਟੀ) ਸੈੱਲ ਦੇ ਪ੍ਰੋਟੋਕੋਲ ਦਸਤਾਵੇਜ਼ ਦਾ ਪੈਰ੍ਹਾ 2.1, ਰਾਜ ਪੱਧਰ ਤੇ ਡੀ ਬੀ ਟੀ ਢਾਂਚੇ ਨੂੰ ਅਪਣਾਉਣ ਅਤੇ ਸਮਝਣ ਦੇ ਯੋਗ ਬਨਾਉਣ ਲਈ, ਡੀ ਬੀ ਟੀ ਸੈੱਲ ਗਠਨ ਕਰਨ ਦਾ ਨਿਰਦੇਸ਼ ਦਿੰਦਾ ਹੈ। ਇਸ ਤੋਂ ਇਲਾਵਾ ਭਾਰਤ ਸਰਕਾਰ ਦੇ ਡੀ ਬੀ ਟੀ ਮਿਸ਼ਨ ਦੁਆਰਾ ਰਾਜ ਡੀ ਬੀ ਟੀ ਸੈੱਲ ਲਈ ਜਾਰੀ ਦਿਸ਼ਾ-ਨਿਰਦੇਸ਼ਾਂ ਵਿੱਚ ਕਿਹਾ ਗਿਆ ਹੈ ਕਿ ਡੀ ਬੀ ਟੀ ਵਿੱਚ ਸਕੀਮਾਂ ਲਿਆਉਣ ਅਤੇ ਲਾਗੂ ਕਰਨ ਲਈ ਸਾਰੇ ਯਤਨਾਂ ਵਿਚਕਾਰ ਤਾਲਮੇਲ ਬਿਠਾਉਣ ਲਈ ਰਾਜ ਡੀ ਬੀ ਟੀ ਸੈੱਲ ਤੋਂ ਇੱਕ ਸਾਂਝਾ ਬਿੰਦੂ ਬਣਨ ਦੀ ਆਸ ਕੀਤੀ ਜਾਂਦੀ ਹੈ। ਡੀ ਬੀ ਟੀ ਸੈੱਲ ਨੂੰ (i) ਸਲਾਹਕਾਰ ਬੋਰਡ; (ii) ਰਾਜ ਡੀ ਪੀ ਟੀ ਕੋਆਰਡੀਨੇਟਰ; ਅਤੇ (iii) ਇੰਮਪਲੀਮੈਂਟੇਸ਼ਨ ਸਪੋਰਟ ਲੇਅਰ, ਨਾਮਕ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ।

ਪੰਜਾਬ ਸਰਕਾਰ ਨੇ ਡੀ ਬੀ ਟੀ ਸੈੱਲ ਦੀਆ ਗਤੀਵਿਧੀਆਂ ਵਿਚਕਾਰ ਤਾਲਮੇਲ ਬਿਠਾਉਣ ਲਈ, ਪੰਜਾਬ ਸਰਕਾਰ ਦੇ ਸਕੱਤਰ, ਵਿੱਤ ਵਿਭਾਗ, ਸੰਸਥਾਗਤ ਵਿੱਤ ਅਤੇ ਬੈਂਕਿੰਗ ਡਾਇਰੈਕਟੋਰੇਟ ਨੂੰ, ਰਾਜ ਡੀ ਬੀ ਟੀ ਸੈੱਲ ਦੇ ਰਾਜ ਨੋਡਲ ਅਧਿਕਾਰੀ (ਰਾਜ ਡੀ ਬੀ ਟੀ ਕੋਆਰਡੀਨੇਟਰ) ਵਜੋਂ ਮਨੋਨੀਤ ਕੀਤਾ (ਜੁਲਾਈ 2017), ਜਿਸਦਾ ਕਾਰਜ ਭਾਰ ਪੰਜਾਬ ਸਰਕਾਰ ਦੇ ਵਧੀਕ ਸਕੱਤਰ ਕਮ ਡਾਇਰੈਕਟਰ, ਸ਼ਾਸਨਿਕ ਸੁਧਾਰ ਅਤੇ ਜਨਤਕ ਸ਼ਕਾਇਤਾਂ ਵਿਭਾਗ (ਡੀ ਜੀ ਆਰ ਪੀ ਜੀ) ਨੂੰ ਟਰਾਂਸਫਰ ਕਰ ਦਿੱਤਾ ਗਿਆ ਸੀ (ਜੂਨ 2020)। ਲੇਖਾ ਪ੍ਰੀਖਿਆ ਦੌਰਾਨ ਰਾਜ ਡੀ ਬੀ ਟੀ ਸੈੱਲ ਦੀਆਂ ਗਤੀਵਿਧੀਆਂ ਦੀ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

### *4.1.1 ਰਾਜ ਸਲਾਹਕਾਰ ਬੋਰਡ ਦਾ ਗਠਨ*

ਸਟੇਟ ਡੀ ਬੀ ਟੀ ਸੈੱਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਪੰਜਾਬ ਸਰਕਾਰ ਦੇ ਵਿੱਤ ਵਿਭਾਗ ਨੇ, ਡੀ ਬੀ ਟੀ ਸੈੱਲ ਲਈ ਰਾਜ ਸਲਾਹਕਾਰ ਬੋਰਡ (ਐਸ ਏ ਬੀ) ਦਾ ਗਠਨ ਕੀਤਾ (ਨਵੰਬਰ 2017), ਜਿਸ ਵਿੱਚ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਵੱਖ ਵੱਖ ਵਿਭਾਗਾਂ/ਸੰਗਠਨਾਂ ਤੋਂ 20 ਮੈਂਬਰ ਸ਼ਾਮਲ ਸਨ। ਰਾਜ ਡੀ ਬੀ ਟੀ ਸੈੱਲ ਲਈ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਐਸ ਏ ਬੀ ਦੀ ਮੁੱਖ ਭੂਮਿਕਾ ਸੈੱਲ ਦੀ ਕਾਰਜਕਾਰੀ ਸੰਸਥਾ ਨੂੰ ਇੱਕ ਸੰਪੂਰਨ ਅਤੇ ਚੰਗੀ ਤਰ੍ਹਾਂ ਨਾਲ ਸਲਾਹਕਾਰ ਅਤੇ ਸਲਾਹਕਾਰੀ ਇਨਪੁਟਸ ਪ੍ਰਦਾਨ ਕਰਨਾ ਸੀ। ਕਿਉਂਕਿ ਇਹ ਯੂਨਿਟ ਸਾਰੇ ਇੱਸੇਦਾਰਾਂ ਦੀ ਨੁਮਾਇੰਦਗੀ ਦਾ ਗਵਾਹ ਹੈ, ਇਸਦਾ ਸਲਾਹਕਾਰ ਇਹ ਯਕੀਨੀ ਬਣਾਏਗਾ ਕਿ ਸੈੱਲ ਦੇ ਸੰਚਾਲਨ ਬੇਦਖਲੀ ਨਹੀਂ ਹਨ ਅਤੇ ਡੀ ਬੀ ਟੀ ਦੇ ਵੱਖ-ਵੱਖ ਸਮਰਥਕਾਂ ਦੇ ਹਿੱਤਾਂ ਨਾਲ ਮੇਲ ਖਾਂਦੇ ਹਨ। ਦਿਸ਼ਾ-ਨਿਰਦੇਸ਼ ਅੱਗੇ ਵਿਵਸਥਾ ਕਰਕੇ ਹਨ ਕਿ ਐਸ ਏ ਬੀ ਇੱਕ ਤਿਮਾਹੀ ਵਿੱਚ ਜਾਂ ਕਿਸੇ ਹੋਰ ਨਿਯਮਤ ਅੰਤਰਾਲ ਵਿੱਚ ਇੱਕ ਵਾਰ ਮਿਲ ਸਕਦਾ ਹੇ, ਜਿਵੇਂ ਵੀ ਉਚਿਤ ਸਮਝਿਆ ਜਾਂਦਾ ਹੈ। ਹਾਲਾਂਕਿ, 2017-2021 (ਜੁਲਾਈ 2020 ਤੱਕ) ਦੌਰਾਨ ਐਸ ਏ ਬੀ ਦੀ ਕੋਈ ਮੀਟਿੰਗ ਨਹੀਂ ਹੋਈ।

ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਐਗਜ਼ਿਟ ਕਾਨਫਰੰਸ ਦੌਰਾਨ ਮਾਰਚ 2021 ਵਿੱਚ ਐਸ ਏ ਬੀ ਦੀ ਪਹਿਲੀ ਮੀਟਿੰਗ ਦੇ ਆਯੋਜਨ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ (ਜੁਲਾਈ 2021) ਕਿ ਮੀਟਿੰਗ ਹੁਣ ਹਨ ਛੇ ਮਹੀਨਿਆਂ ਬਾਅਦ ਹੋਵੇਗੀ।

### *4.1.2 ਇੰਪਲੀਮੈਂਟੇਸ਼ਨ ਸਪੋਰਟ ਲੇਅਰ*

**(i)** ਰਾਜ ਡੀ ਬੀ ਟੀ ਸੈੱਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੇਠਲੇ ਪੱਧਰ ਤੋਂ ਸਹਿਯੋਗ ਅਤੇ ਭਾਗੀਦਾਰੀ ਪ੍ਰਾਪਤ ਕਰਨ ਲਈ, ਸੈੱਲ ਦੇ ਆਪਰੇਸ਼ਨਾਂ ਨੂੰ ਤਕਨੀਕੀ, ਗੈਰ-ਤਕਨੀਕੀ ਅਤੇ ਵਿੱਤ ਤੇ ਪ੍ਰਸ਼ਾਸਨਿਕ ਸਹਾਇਤਾ ਦੇਣ ਲਈ ਜ਼ਿੰਮੇਵਾਰ, ਨਿਰਦੇਸ਼ਕ ਜਾਂ ਵਿਸ਼ੇਸ ਡਿਊਟੀ ਅਧਿਕਾਰੀ (ਓ ਐਸ ਡੀ) ਦੇ ਅਹੁਦੇ ਦੇ ਤਿੰਨ ਕੋਆਰਡੀਨੇਟਰਾਂ ਵਾਲੀ ਇੰਪਲੀਮੈਂਟੇਸ਼ਨ ਸਪੋਰਟ ਲੇਅਰ ਦਾ ਗਠਨ ਨਹੀਂ ਕੀਤਾ ਗਿਆ ਸੀ। (ਦਸੰਬਰ 2020)।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ ਡੀ ਜੀ ਆਰ ਪੀ ਜੀ ਨੇ ਦੱਸਿਆ (ਜੁਲਾਈ 2021), ਕਿ ਐਸੋਸੀਏਟ ਪ੍ਰਿੰਸੀਪਲ ਕੰਸਲਟੈਂਟ (ਯੂ ਆਈ ਡੀ-ਪੀ ਐਮ ਯੂ) ਨੂੰ ਰਾਜ ਡੀ ਬੀ ਟੀ ਸੈੱਲ ਪ੍ਰੋਜੈਕਟ ਦੇ ਸਾਰੇ ਆਪਰੇਸ਼ਨਾਂ ਲਈ ਪ੍ਰੋਜੈਕਟ ਮਨੇਜਰ ਵਜੋਂ ਨਿਯੁਕਤ ਕੀਤਾ ਗਿਆ ਸੀ (ਜੂਨ 2020), ਜਿਸ ਵਿੱਚ ਤਕਨੀਕੀ ਅਤੇ ਪ੍ਰਬੰਧਕੀ ਸਹਾਇਤਾ ਸ਼ਾਮਲ ਸੀ ਅਤੇ ਵਿਭਾਗ ਦੀ ਵਿੱਤ ਸ਼ਾਖਾ ਦੇ ਮੁਖੀ ਭਾਵ ਸਹਾਇਕ ਕੰਟਰੋਲਰ, ਵਿੱਤ ਅਤੇ ਲੇਖਾ (ਏ ਸੀ ਐਫ ਏ) ਨੂੰ ਰਾਜ ਡੀ ਬੀ ਟੀ ਸੈੱਲ ਲਈ ਵਿੱਤੀ ਸਹਾਇਤਾ ਵਜੋਂ ਮੰਨਿਆ ਜਾ ਸਕਦਾ ਸੀ, ਕਿਉਂਜੋ ਇਸ ਸਬੰਧ ਵਿੱਚ ਕੋਈ ਵੱਖਰਾ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਸੀ। ਇਹ ਜੋੜਿਆ ਗਿਆ ਕਿ ਡੀ ਬੀ ਟੀ ਮਿਸ਼ਨ ਫਰੇਮਵਰਕ ਦੇ ਅਨੁਸਾਰ ਇੰਮਪਲੀਮੈਂਟੇਸ਼ਨ ਸਪੋਰਟ ਲੇਅਰ ਲਈ ਫਾਈਲ ਨੂੰ ਵਿਚਾਰ ਲਈ ਮੁੱਖ ਸੱਕਤਰ, ਪੰਜਾਬ ਸਰਕਾਰ ਨੂੰ ਭੇਜਿਆ ਜਾਵੇਗਾ।

**(ii)** ਡੀ ਬੀ ਟੀ ਮਿਸ਼ਨ, ਜੀ ਓ ਆਈ ਦੁਆਰਾ ਸਟੇਟ ਡੀ ਬੀ ਟੀ ਸੈੱਲ ਲਈ ਜਾਰੀ ਦਿਸ਼ਾ ਨਿਰਦੇਸ਼ ਵਿਵਸਥਾ ਕਰਦੇ ਹਨ ਕਿ ਲਾਗੂਕਰਣ ਵਿੱਚ ਸਹਾਇਤਾ ਦੇ ਇੱਕ ਭਾਗ ਵਜੋਂ, ਸਟੇਟ ਡੀ ਬੀ ਟੀ ਸੈੱਲ, ਡੀ ਬੀ ਟੀ ਬਾਰੇ ਰਾਜ ਦੇ ਕਰਮਚਾਰੀਆਂ ਦੀ ਸਮਰੱਥਾ ਨਿਰਮਾਣ ਕਰਨ ਵਿੱਚ ਸਿਖਲਾਈ ਅਤੇ ਸਹਾਇਤਾ ਪ੍ਰਦਾਨ ਕਰੇਗਾ। ਅੱਗੇ ਦਿਸ਼ਾ ਨਿਰਦੇਸ਼ਾਂ ਵਿੱਚ, ਰਾਜ/ਜਿਲ੍ਹਾ ਕਰਮਚਾਰੀਆਂ ਨੂੰ ਆਦਰਸ਼ਕ ਪ੍ਰਚਲਨਾਂ ਤੋਂ ਜਾਣੂ ਕਰਵਾਉਣ ਤੋਂ ਇਲਾਵਾ ਸਰਵੋਤਮ ਪ੍ਰਚਲਨਾਂ 'ਤੇ ਬੈਂਚ-ਮਾਰਕਿੰਗ ਅਧਿਐਨ ਕਰਵਾਉਣ, ਪਾਇਲਟਾਂ/ ਤਜ਼ਰਬਿਆਂ ਰਾਹੀਂ ਰਾਜ ਵਿੱਚ ਇਨੋਵੇਸ਼ਨਜ਼ ਕਰਨ ਅਤੇ ਰਾਜ ਦੇ ਆਪਰੇਸ਼ਨਾਂ ਵਿੱਚ ਇਨ੍ਹਾਂ ਪ੍ਰਚਲਨਾਂ ਨੂੰ ਸ਼ਾਮਲ ਕਰਨ ਲਈ ਰੋਡਮੈਪ ਵਿਕਸਤ ਕਰਨ ਲਈ, ਡੀ ਬੀ ਟੀ ਪ੍ਰਗਤੀਸ਼ੀਲ ਰਾਜਾਂ ਵਿੱਚ ਐਕਸਪੋਜ਼ਰ ਵਿਜ਼ਿਟ ਆਯੋਜਿਤ ਕਰਨ ਦੀ ਵਿਵਸਥਾ ਕੀਤੀ ਗਈ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 2017-18 ਤੋਂ 2020-21 (ਜੁਲਾਈ 2020 ਤੱਕ) ਦੇ ਸਮੇਂ ਦੌਰਾਨ:

- ਨਾ ਤਾਂ ਕੋਈ ਸਿਖਲਾਈ ਕੈਲੰਡਰ ਤਿਆਰ ਕੀਤਾ ਗਿਆ ਸੀ ਅਤੇ ਨਾ ਹੀ ਰਾਜ ਡੀ ਬੀ ਟੀ ਸੈੱਲ ਦੁਆਰਾ ਰਾਜ ਦੇ ਕਰਮਚਾਰੀਆਂ ਨੂੰ ਡੀ ਬੀ ਟੀ ਬਾਰੇ ਕੋਈ ਸਿਖਲਾਈ ਪ੍ਰਦਾਨ ਕੀਤੀ ਗਈ ਸੀ।

- ਰਾਜ ਡੀ ਬੀ ਟੀ ਸੈੱਲ ਦੁਆਰਾ ਡੀ ਬੀ ਟੀ ਪ੍ਰਗਤੀਸ਼ੀਲ ਰਾਜਾਂ[1] ਵਿੱਚ ਅਪਣਾਏ ਜਾ ਰਹੇ ਆਦਰਸ਼ਕ ਪ੍ਰਚਲਨਾਂ ਤੋਂ ਜਾਣੂ ਕਰਵਾਉਣ ਲਈ ਰਾਜ/ਜਿਲ੍ਹਾ ਕਰਮਚਾਰੀਆਂ ਲਈ ਕੋਈ ਐਕਸਪੋਜ਼ਰ ਵਿਜ਼ਿਟਸ ਦਾ ਆਯੋਜਨ ਨਹੀਂ ਕੀਤਾ ਗਿਆ ਸੀ

- ਨਾ ਤਾਂ ਸਰਵੋਤਮ ਪ੍ਰਚਲਨਾਂ ਨੂੰ ਰਾਜ ਦੇ ਆਪਰੇਸ਼ਨਾਂ ਵਿੱਚ ਸ਼ਾਮਲ ਕਰਨ ਲਈ ਰੋਡਮੈਪ ਵਿਕਸਤ ਕਰਨ ਵਾਸਤੇ ਇਨ੍ਹਾਂ 'ਤੇ ਕੋਈ ਬੈਂਚ-ਮਾਰਕ ਅਧਿਐਨ ਕੀਤਾ ਗਿਆ ਸੀ ਅਤੇ ਨਾ ਹੀ ਰਾਜ ਡੀ ਬੀ ਟੀ ਸੈੱਲ ਦੁਆਰਾ ਕੀਤੇ ਗਏ ਪਾਇਲਟਾਂ/ਤਜ਼ਰਬਿਆਂ ਰਾਹੀਂ ਰਾਜ ਵਿੱਚ ਕੋਈ ਇਨੋਵੇਸ਼ਨ ਕੀਤੀ ਗਈ ਸੀ।

ਡੀ ਐਸ ਐਸ ਡਬਲਊ ਸੀ ਡੀ ਨੇ ਉਪਰੋਕਤ ਤੱਥਾਂ ਨੂੰ ਸਵੀਕਾਰ ਕੀਤਾ (ਅਕਤੂਬਰ 2020)। ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਦੱਸਿਆ (ਜੁਲਾਈ 2021) ਕਿ ਮਈ 2020 ਤੋਂ ਪਹਿਲਾਂ ਆਯੋਜਿਤ ਕੀਤੀਆਂ ਸਿਖਲਾਈ ਅਤੇ ਐਕਸਪੋਜ਼ਰ ਵਿਜ਼ਿਟਸ ਦਾ ਕੋਈ ਰਿਕਾਰਡ ਨਹੀਂ ਮਿਲਿਆ ਸੀ। ਹਾਲਾਂਕਿ, ਰਾਜ ਡੀ ਬੀ ਟੀ ਸੈੱਲ ਦੇ ਪੁਨਰਗਠਨ (ਜੁਲਾਈ 2020) ਤੋਂ ਬਾਅਦ, ਨਿਗਰਾਨੀ ਅਤੇ ਪਾਲਣਾ ਦੇ ਉਦੇਸ਼ਾਂ ਲਈ ਹਿੱਸੇਦਾਰ ਵਿਭਾਗਾਂ ਨਾਲ ਨਿਯਮਤ ਸਮੀਖਿਆ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਹ ਜੋੜਿਆ ਗਿਆ ਕਿ ਮੱਨੁਖੀ ਸ਼ਕਤੀ ਦੀ ਘਾਟ ਅਤੇ ਰਾਜ ਡੀ ਬੀ ਟੀ ਸੈੱਲ ਲਈ ਵੱਖਰੇ ਬਜਟ ਦਾ ਪ੍ਰਬੰਧ ਨਾ ਕਰਨਾ ਡੀ ਬੀ ਟੀ ਫਰੇਮਵਰਕ ਦੇ ਅਨੁਸਾਰ ਰਾਜ ਡੀ ਬੀ ਟੀ ਸੈੱਲ ਵਿੱਚ ਲਾਗੂ ਇੰਮਪਲੀਮੈਂਟੇਸ਼ਨ ਸਪੋਰਟ ਲੇਅਰ ਦੇ ਗਠਨ ਵਿੱਚ ਰੁਕਾਵਟ ਸਨ।

### *4.1.3 ਮਜ਼ਬੂਤ ਸ਼ਾਸਨਿਕ ਢਾਂਚਾ*

ਰਾਜਾਂ ਵਿੱਚ ਡੀ ਬੀ ਟੀ ਦੇ ਪ੍ਰੋਟੋਕੋਲ ਦਸਤਾਵੇਜ਼ (ਜੂਨ 2017) ਦਾ ਪੈਰ੍ਹਾ 2.4, ਸਕੀਮਾਂ ਅਤੇ ਪ੍ਰੋਗਰਾਮਾਂ ਦੀ ਤਿਆਰੀ ਦੀ ਨਿਰੰਤਰ ਨਿਗਰਾਨੀ ਕਰਨ ਲਈ ਰਾਜ ਪੱਧਰ ਤੇ ਇੱਕ ਮਜ਼ਬੂਤ ਸ਼ਾਸਨਿਕ ਢਾਂਚੇ ਦੀ ਵਿਵਸਥਾ ਕਰਦਾ ਹੈ। ਇਹ ਸ਼ਾਸਨਿਕ ਢਾਂਚਾ ਰਾਜ ਡੀ ਬੀ ਟੀ ਸੈੱਲ ਦੇ ਅਧੀਨ ਕੰਮ ਕਰੇਗਾ ਅਤੇ ਅੱਗੇ ਲਿਖਤ ਕੰਮਾਂ ਲਈ ਜ਼ਿੰਮੇਵਾਰ ਹੋਵੇਗਾ (i) ਯੋਜਨਾਵਾਂ ਅਤੇ ਪ੍ਰੋਗਰਾਮਾਂ ਦੇ ਡੀ ਬੀ ਟੀ ਲਾਗੂ ਹੋਣ ਦਾ ਮੁਲਾਂਕਣ ਕਰਨ ਲਈ; (ii) ਡੀ ਬੀ ਟੀ 'ਤੇ ਸਟੇਕਹੋਲਡਰਾਂ ਨਾਲ ਸਲਾਹ-ਮਸ਼ਵਰਾ ਕਰਨ ਲਈ; (iii) ਲਾਭਪਾਤਰੀ ਦੇ ਡਿਜਟੀਕਰਣ ਦਾ ਵਿਸ਼ਲੇਸ਼ਣ ਅਤੇ ਸਿਫਾਰਸ਼ਾਂ ਕਰਨ ਲਈ; (iv) ਸਕੀਮਾਂ ਅਤੇ ਪ੍ਰੋਗਰਾਮਾਂ ਦੀ ਡੀ ਬੀ ਟੀ ਆਨ-ਬੋਰਡਿੰਗ ਕਰਨ ਲਈ; (v) ਆਨ-ਬੋਰਡਿੰਗ ਸਕੀਮ ਦੀ ਪ੍ਰਗਤੀ ਦੀ ਨਿਗਰਾਨੀ ਕਰਨ ਲਈ; ਅਤੇ (vi) ਪ੍ਰੋਗਰਾਮ ਪ੍ਰਬੰਧਨ ਸਹਾਇਤਾ ਪ੍ਰਦਾਨ ਕਰਨ ਲਈ ।

ਜਦੋਂਕਿ ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸਕੀਮਾਂ ਅਤੇ ਪ੍ਰੋਗਰਾਮਾਂ ਦੀ ਤਿਆਰੀ ਦੀ ਨਿਰੰਤਰ ਨਿਗਰਾਨੀ ਕਰਨ ਲਈ ਰਾਜ ਪੱਧਰ ਤੇ ਮਜ਼ਬੂਤ ਸ਼ਾਸਨਿਕ ਢਾਂਚੇ ਦੀ ਘਾਟ ਸੀ। ਉਕਤ ਉਪਬੰਧਾਂ ਦੀ ਉਲੰਘਣਾ ਕਰਦੇ ਹੋਏ ਡੀ ਬੀ ਟੀ ਨੂੰ ਆਪਰੇਸ਼ਨੇਲਾਈਜ਼ ਕਰਨ ਲਈ ਰਾਜ ਡੀ ਬੀ ਟੀ ਸੈੱਲ ਜਾਂ ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ (ਜੂਨ 2020 ਤੱਕ) ਕੋਈ ਵਰਕਸ਼ਾਪ, ਸੈਮੀਨਾਰ, ਆਦਿ ਨਹੀਂ ਲਾਇਆ ਗਿਆ ਸੀ।

ਅੱਗੇ ਇਹ ਵੇਖਿਆ ਗਿਆ ਸੀ ਕਿ ਜੁਲਾਈ 2020 ਤੱਕ 17 ਵਿਭਾਗਾਂ/ਇਕਾਈਆਂ ਵਿੱਚ ਸਾਰੀਆਂ 127 ਸਕੀਮਾਂ (ਨਕਦ ਟਰਾਂਸਫਰਾਂ: 94; ਅਤੇ ਵਸਤੂ ਰੂਪ ਵਿੱਚ ਟਰਾਂਸਫਰਾਂ/ਹੋਰ: 33) ਡੀ ਬੀ ਟੀ

[1] ਹਰਿਆਣਾ, ਉੱਤਰ ਪ੍ਰਦੇਸ਼, ਤ੍ਰਿਪੁਰਾ, ਆਦਿ।

ਪਲੇਟਫਾਰਮ ਤੇ ਲਿਆਂਦੀਆਂ ਗਈਆਂ ਸਨ। ਜਦੋਂਕਿ ਕੇਵਲ 42 ਸਕੀਮਾਂ (ਨਕਦ ਟਰਾਂਸਫਰਾਂ: 33, ਜਿਸ ਵਿੱਚ 08 ਡੀ ਐਸ ਐਸ ਡਬਲਿਊ ਸੀ ਡੀ ਵਿੱਚ ਸਨ; ਅਤੇ ਵਸਤੂ ਰੂਪ ਵਿੱਚ ਟਰਾਂਸਫਰਾਂ; 09) ਦੇ ਸਬੰਧ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ ਐਪਲੀਕੇਸ਼ਨਾਂ (ਆਈ ਸੀ ਟੀ) ਵਿਕਸਤ ਕੀਤੀਆਂ ਗਈਆਂ ਸਨ ਅਤੇ ਬਾਰਾਂ ਵਿਭਾਗਾਂ[2] ਦੀਆਂ 85 ਸਕੀਮਾਂ (ਨਕਦ ਟਰਾਂਸਫਰਾਂ: 61; ਅਤੇ ਵਸਤੂ ਰੂਪ ਵਿੱਚ ਟਰਾਂਸਫਰਾਂ/ਹੋਰ: 24) ਨੂੰ ਛੱਡ ਦਿੱਤਾ ਗਿਆ ਸੀ ,ਜਿਸ ਲਈ ਡੀ ਬੀ ਟੀ ਮਿਸ਼ਨ (ਜੀ ਓ ਆਈ) ਦੁਆਰਾ ਜਾਰੀ ਸਟੇਟ ਡੀ ਬੀ ਟੀ ਸੈੱਲ ਲਈ ਦਿਸ਼ਾ-ਨਿਰਦੇਸ਼ਾਂ ਦੀ ਕਲਪਨਾ ਅਨੁਸਾਰ, ਵਿਭਾਗ ਦੁਆਰਾ ਕੋਈ ਸਮਾਂ-ਸੀਮਾਂ (ਅਕਤੂਬਰ 2020) ਨਿਰਧਾਰਤ ਨਹੀਂ ਕੀਤੀ ਗਈ ਸੀ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਦੱਸਿਆ (ਜੁਲਾਈ 2021) ਕਿ ਐਸ ਏ ਬੀ ਨੇ ਆਪਣੀ ਪਹਿਲੀ ਮੀਟਿੰਗ (ਮਾਰਚ 2021) ਵਿੱਚ 7-9 ਮਹੀਨਿਆਂ ਦੀ ਮਿਆਦ ਦੇ ਅੰਦਰ ਰਾਜ ਲਈ ਏਕੀਕ੍ਰਿਤ ਡੀ ਬੀ ਟੀ ਸਲਿਊਸ਼ਨ ਬਨਾਉਣ ਲਈ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਸੀ। ਇਹ ਜੋੜਿਆ ਗਿਆ ਕਿ ਰਾਜ ਡੀ ਬੀ ਟੀ ਸੈੱਲ ਲਈ ਵੱਖਰੇ ਬਜਟ ਦਾ ਪ੍ਰਬੰਧ ਨਾ ਕਰਨਾ ਯੋਜਨਾਵਾਂ ਅਤੇ ਪ੍ਰੋਗਰਾਮਾਂ ਦੀ ਤਿਆਰੀ ਦੀ ਨਿਰੰਤਰ ਨਿਗਰਾਨੀ ਕਰਨ ਲਈ ਇੱਕ ਵੱਡੀ ਰੁਕਾਵਟ ਸੀ। ਇਸ ਤੋਂ ਇਲਾਵਾ, ਐਨ ਆਈ ਸੀ ਪਲੇਟਫਾਰਮ ਤੇ ਸਕੀਮਾਂ ਨੂੰ ਲਿਆਉਣ ਲਈ ਨੈਸ਼ਨਲ ਇਨਫਾਰਮੈਟਿਕਸ ਸੈਂਟਰ (ਐਨ ਆਈ ਸੀ) ਪੋਰਟਲ ਵਿੱਚ ਡੀ ਬੀ ਟੀ ਸਕੀਮਾਂ ਦੀ ਜਾਂਚ ਵੀ ਕੀਤੀ ਗਈ ਸੀ।

### *4.1.4 ਵਿਭਾਗੀ ਡੀ ਬੀ ਟੀ ਸੈੱਲ/ਕਮੇਟੀ ਦਾ ਗਠਨ ਨਾ ਕਰਨਾ*

ਰਾਜਾਂ ਵਿੱਚ ਡੀ ਬੀ ਟੀ ਬਾਰੇ ਪ੍ਰੋਟੋਕਾਲ ਦਸਤਾਵੇਜ਼ ਦੇ ਪੈਰ੍ਹਾ 2.1 ਵਿੱਚ ਵਿਵਸਥਾ ਹੈ ਕਿ ਰਾਜ ਡੀ ਬੀ ਟੀ ਸੈੱਲ ਤੋਂ ਇਲਾਵਾ, ਹਰ ਇੱਕ ਵਿਭਾਗ ਵਿੱਚ ਵਿਅਕਤੀਗਤ ਵਿਭਾਗਾਂ ਵਲੋਂ ਇੱਕ ਡੀ ਬੀ ਟੀ ਸੈੱਲ/ਕਮੇਟੀ ਦਾ ਗਠਨ ਵੀ ਕੀਤਾ ਜਾਵੇਗਾ, ਤਾਂ ਜੋਂ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਸਕੀਮਾਂ ਨੂੰ ਲਾਗੂ ਕਰਨ ਵਿੱਚ ਡੀ ਬੀ ਟੀ ਦੇ ਢਾਂਚੇ ਨੂੰ ਅਪਣਾ ਲਿਆ ਗਿਆ ਹੈ।

ਰਾਜ ਡੀ ਬੀ ਟੀ ਪੋਰਟਲ ਨੇ ਡੀ ਬੀ ਟੀ ਅਧੀਨ 17 ਵਿਭਾਗਾਂ/ਇਕਾਈਆਂ ਦੀਆਂ ਸਾਰੀਆਂ 127 ਸਕੀਮਾਂ (ਨਕਦ ਟਰਾਂਸਫਰਾਂ: 94; ਅਤੇ ਵਸਤੂ ਰੂਪ ਵਿੱਚ ਟਰਾਂਸਫਰਾਂ/ਹੋਰ: 33) ਦੇ ਸਬੰਧ ਵਿੱਚ ਜਾਣਕਾਰੀ ਪ੍ਰਦਰਸ਼ਿਤ ਕੀਤੀ ਸੀ। ਹਾਲਾਂਕਿ, ਇਹ ਦੇਖਿਆ ਗਿਆ ਕਿ ਡੀ ਐਸ ਐਸ ਡਬਲਿਊ ਸੀ ਡੀ ਵਿੱਚ ਕੋਈ ਅੰਦਰੂਨੀ ਡੀ ਬੀ ਟੀ ਸੈੱਲ/ਕਮੇਟੀ ਦਾ ਗਠਨ ਨਹੀਂ ਕੀਤਾ ਗਿਆ ਸੀ। ਇਸ ਤੋਂ ਇਲਾਵਾ ਇਹ ਦੇਖਿਆ ਗਿਆ ਕਿ ਡੀ ਜੀ ਆਰ ਪੀ ਜੀ ਅਧੀਨ ਰਾਜ ਡੀ ਬੀ ਟੀ ਸੈੱਲ ਕੋਲ ਵੀ ਵਿਅਕਤੀਗਤ ਵਿਭਾਗਾਂ ਦੁਆਰਾ ਡੀ ਬੀ ਟੀ ਸੈੱਲ/ਕਮੇਟੀ ਦੇ ਗਠਨ ਬਾਰੇ ਕੋਈ ਜਾਣਕਾਰੀ ਨਹੀਂ ਸੀ, ਜੋ ਕਿ ਸਕੀਮਾਂ ਨੂੰ ਡੀ ਬੀ ਟੀ ਵਿੱਚ ਲਿਆਉਣ ਅਤੇ ਲਾਗੂ ਕਰਨ ਲਈ ਸਾਰੇ ਯਤਨਾਂ ਦਾ ਤਾਲਮੇਲ ਕਰਨ ਲਈ ਇੱਕ ਸਟਾਪ ਬਿੰਦੂ ਹੋਣ ਦੀ ਉਮੀਦ ਹੈ।

[2] (i) ਸਮਾਜਿਕ ਨਿਆਂ, ਸ਼ਕਤੀਕਰਣ ਅਤੇ ਘੱਟ ਗਿਣਤੀਆਂ ਵਿਭਾਗ (37); (ii) ਪਸ਼ੂ ਪਾਲਣ ਵਿਭਾਗ (05); (iii) ਰੱਖਿਆ ਸੇਵਾਵਾਂ ਭਲਾਈ ਵਿਭਾਗ (10); (iv) ਬਾਗਬਾਨੀ ਵਿਭਾਗ (01); (v) ਪੰਜਾਬ ਮਿਊਂਸਪਲ ਬੁਨਿਆਦੀ ਢਾਂਚਾ ਵਿਕਾਸ ਕੰਪਨੀ 01; (vi) ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (02); (vii) ਵਣ ਅਤੇ ਜੰਗਲੀ ਜੀਵਨ ਸੰਭਾਲ ਵਿਭਾਗ (01); (viii) ਸਮਾਜਿਕ ਸੁੱਰਖਿਆ ਅਤੇ ਮਹਿਲਾਵਾਂ ਤੇ ਬਾਲ ਵਿਕਾਸ ਵਿਭਾਗ (15); (ix) ਸਕੂਲ ਸਿੱਖਿਆ ਵਿਭਾਗ (02); (x) ਸਿਹਤ ਅਤੇ ਪਰਿਵਾਰ ਭਲਾਈ ਵਿਭਾਗ (05); (xi) ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ (04); ਅਤੇ (xii) ਪੰਜਾਬ ਹੁਨਰ ਵਿਕਾਸ ਮਿਸ਼ਨ (02) ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਕਿਹਾ (ਜੁਲਾਈ 2021) ਕਿ 17 ਵਿਭਾਗਾਂ/ਇਕਾਈਆਂ ਵਿੱਚੋਂ ਅੱਠ[3] ਵਿੱਚ ਅੰਦਰੂਨੀ ਡੀ ਬੀ ਟੀ ਸੈੱਲ/ਕਮੇਟੀ ਦੇ ਗਠਨ ਕੀਤਾ ਗਿਆ ਸੀ ਅਤੇ ਬਾਕੀ ਨੌਂ ਵਿਭਾਗਾਂ/ਇਕਾਈਆਂ ਤੋਂ ਇਸ ਸਬੰਧ ਵਿੱਚ ਪੁਸ਼ਟੀ ਦੀ ਮੰਗ ਕੀਤੀ ਗਈ ਸੀ। ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਇਸ ਸਬੰਧ ਵਿੱਚ ਲੋੜੀਂਦੇ ਕਦਮ ਚੁੱਕਣ ਦਾ ਭਰੋਸਾ ਦਿੱਤਾ। ਇਹ ਡੀ ਜੀ ਆਰ ਪੀ ਜੀ ਅਤੇ ਲਾਗੂ ਕਰਨ ਵਾਲੇ ਵਿਭਾਗਾਂ ਵਿਚਕਾਰ ਤਾਲਮੇਲ ਦੀ ਘਾਟ ਨੂੰ ਦਰਸਾਉਂਦਾ ਹੈ, ਕਿਉਂਕਿ ਜੁਲਾਈ 2020 ਤੋਂ ਬਾਅਦ ਮਹੀਨਾਵਾਰ ਡੀ ਜੀ ਆਰ ਪੀ ਜੀ ਦੁਆਰਾ ਲਾਗੂ ਕਰਨਵਾਲੇ ਵਿਭਾਗਾਂ ਨਾਲ ਕੀਤੀ ਜਾ ਰਹੀ ਸਮੀਖਿਆ ਮੀਟਿੰਗਾਂ ਕੀਤੇ ਜਾਣ ਦੇ ਬਾਵਜੂਦ ਵੀ, ਡੀ ਜੀ ਆਰ ਪੀ ਜੀ ਸਬੰਧਤ ਵਿਭਾਗਾਂ ਦੁਆਰਾ ਅੰਦਰੂਨੀ ਡੀ ਬੀ ਟੀ ਸੈੱਲ/ਕਮੇਟੀਆਂ ਦੀ ਸਥਾਪਨਾ ਤੋਂ ਅਣਜਾਣ ਸੀ।

## 4.2 ਰਾਜ ਡਾਇਰੈਕਟ ਬੈਨੀਫਿਟ ਟਰਾਂਸਫਰ ਪੋਰਟਲ ਦੀ ਹੋਸਟਿੰਗ

**(i)** ਡੀ ਜੀ ਆਰ ਪੀ ਜੀ, ਰਾਜ ਡੀ ਬੀ ਟੀ ਸੈੱਲ ਦਾ ਪ੍ਰਬੰਧਕੀ ਵਿਭਾਗ ਹੋਣ ਦੇ ਨਾਤੇ, ਪੰਜਾਬ ਦੇ ਡੀ ਬੀ ਟੀ ਪੋਰਟਲ *(http://dbt.punjab.gov.in)* ਦੀ ਮੇਜ਼ਬਾਨੀ ਕਰ ਰਿਹਾ ਹੈ, ਜੋਕਿ ਅਗਸਤ 2017 ਤੋਂ ਚਾਲੂ ਹੋ ਗਿਆ ਸੀ। ਭਾਰਤ ਸਰਕਾਰ (ਜੀ ਓ ਆਈ) ਨੇ ਭਾਰਤ ਸਰਕਾਰ ਦੀਆਂ ਵੈਬਸਾਈਟਾਂ ਲਈ ਦਿਸ਼ਾ ਨਿਰਦੇਸ਼ (ਜੀ ਆਈ ਜੀ ਡਬਲਿਊ) ਜਾਰੀ ਕੀਤੇ (ਜਨਵਰੀ 2009 ਅਤੇ ਫਰਵਰੀ 2019)। ਦਿਸ਼ਾ ਨਿਰਦੇਸ਼ ਭਾਰਤ ਸਰਕਾਰ ਦੀਆਂ ਵੈਬਸਾਈਟਾਂ ਅਤੇ ਪੋਰਟਲਾਂ ਨੂੰ ਨਾਗਰਿਕ ਕੇਂਦਰਿਤ ਅਤੇ ਵਿਜ਼ਟਰ ਅਨੁਕੂਲ ਬਨਾਉਣ ਲਈ ਕਿਸੇ ਵੀ ਸੰਗਠਨਾਤਮਕ ਪੱਧਰ 'ਤੇ ਅਤੇ ਕੇਂਦਰ ਸਰਕਾਰ ਦੇ ਨਾਲ ਨਾਲ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਸਰਕਾਰਾਂ ਦੀਆਂ ਵੈਬਸਾਈਟਾਂ ਲਈ ਨੀਤੀਆਂ ਅਤੇ ਦਿਸ਼ਾ ਨਿਰਦੇਸ਼ਾਂ ਦੀ ਸਿਫਾਰਸ਼ ਕਰਦੇ ਹਨ।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਰਾਜ ਡੀ ਬੀ ਟੀ ਪੋਰਟਲ ਨੂੰ ਡੀ ਬੀ ਟੀ ਭਾਰਤ ਪੋਰਟਲ *(https://dbtbharat.gov.in)* ਨਾਲ ਜੋੜਿਆ ਗਿਆ ਸੀ, ਜੋ ਕਿ ਡੀ ਬੀ ਟੀ ਨਾਲ ਸਬੰਧਤ ਸਾਰੀਆਂ ਸਕੀਮਾਂ ਲਈ ਐਗਰੀਗੇਟਰ ਪੋਰਟਲ ਹੈ। ਰਾਜ ਦੇ ਡੀ ਬੀ ਟੀ ਪੋਰਟਲ ਨੇ ਰਾਜ ਦੇ 17 ਵਿਭਾਗਾਂ ਦੀਆਂ 127 ਸਕੀਮਾਂ ਦੇ ਸਬੰਧ ਵਿੱਚ ਜਾਣਕਾਰੀ ਪ੍ਰਦਰਸ਼ਿਤ ਕੀਤੀ। ਹਾਲਾਂਕਿ, ਡੀ ਜੀ ਆਰ ਪੀ ਜੀ ਦੁਆਰਾ ਰੱਖੇ ਜਾ ਰਹੇ ਰਾਜ ਡੀ ਬੀ ਟੀ ਪੋਰਟਲ ਵਿੱਚ ਹੇਠ ਲਿਖਤ ਵਿਸੰਗਤੀਆਂ ਸਨ:

- ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਅਤੇ ਇਨਫਾਰਮੇਸ਼ਨ ਤਕਨਾਲੋਜੀ ਮੰਤਰਾਲੇ (ਐਮ ਈ ਆਈ ਟੀ ਵਾਈ), ਦੀ ਇੱਕ ਸੰਸਥਾ ਸਟੈਂਡਰਾਈਜ਼ੇਸ਼ਨ ਟੈਸਟਿੰਗ ਕੁਆਲਟੀ ਸਰਟੀਫਿਕੇਸ਼ਨ (ਐਸ ਟੀ ਕਿਊ ਸੀ) ਕੋਲੋਂ ਜੀ ਆਈ ਜੀ ਡਬਲਿਊ ਦੇ ਦਿਸਾ ਨਿਰਦੇਸ਼ਾਂ ਦੇ ਪੈਰ੍ਹਾ 1.4 ਅਧੀਨ ਲੋੜੀਂਦੀ ਵੈਬਸਾਈਟ ਗੁਣਵੱਤਾ ਸਰਟੀਫਿਕੇਸ਼ਨ ਪ੍ਰਾਪਤ ਨਹੀਂ ਕੀਤੀ ਗਈ ਸੀ। ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਕਿਹਾ ਕਿ ਲੋੜੀਂਦੀ ਸਰਟੀਫਿਕੇਸ਼ਨ ਪ੍ਰਾਪਤ ਕਰਨ ਲਈ ਇੱਕ ਏਜੰਸੀ ਨੂੰ ਨਿਯੁਕਤ ਕੀਤਾ ਜਾਵੇਗਾ।

---

[3] (i) ਸਕੂਲ ਸਿੱਖਿਆ; (ii) ਸਿਹਤ ਅਤੇ ਪਰਿਵਾਰ ਭਲਾਈ; (iii) ਰੱਖਿਆ ਸੇਵਾਵਾਂ ਭਲਾਈ; (iv) ਖੇਤੀਬਾੜੀ ਅਤੇ ਕਿਸਾਨ ਭਲਾਈ; (v) ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ; (vi) ਪੰਜਾਬ ਮਿਊਂਸਪਲ ਬੁਨਿਆਦੀ ਢਾਂਚਾ ਵਿਕਾਸ ਕੰਪਨੀ; (vii) ਖੁਰਾਕ, ਸਿਵਿਲ ਸਪਲਾਈਜ਼ ਅਤੇ ਖਪਤਕਾਰ ਮਾਮਲੇ; ਅਤੇ (viii) ਮੱਛੀ ਪਾਲਣ।

- ਜੀ ਆਈ ਜੀ ਡਬਲਿਯੂ ਦੇ ਦਿਸਾ ਨਿਰਦੇਸ਼ਾਂ ਦੇ ਪੈਰ੍ਹਾ 10.1.1 ਅਤੇ 10.1.2 ਅਨੁਸਾਰ, ਸਾਈਟ ਤੇ ਸਮੱਗਰੀ ਦੇ ਸਹੀ ਪ੍ਰਵਾਹ ਅਤੇ ਗੁਣਵੱਤਾ ਨੂੰ ਯਕੀਨੀ ਬਨਾਉਣ ਲਈ ਵੈਬ ਸੂਚਨਾ ਪ੍ਰਬੰਧਕ ਅਤੇ ਤਕਨੀਕੀ ਪ੍ਰਬੰਧਕ ਨਿਯੁਕਤ ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਦੱਸਿਆ (ਜੁਲਾਈ 2021) ਕਿ ਐਸੋਸੀਏਟ ਪ੍ਰਿੰਸੀਪਲ ਕੰਸਲਟੈਂਟ (ਯੂ ਆਈ ਡੀ ਪੀ ਐਮ ਯੂ) ਨੂੰ ਰਾਜ ਡੀ ਬੀ ਟੀ ਸੈੱਲ ਦੇ ਸਾਰੇ ਆਪਰੇਸ਼ਨਾਂ ਦੀ ਦੇਖਭਾਲ ਲਈ ਪ੍ਰਤੀਨਿਧੀ ਨਿਯੁਕਤ ਕੀਤਾ ਗਿਆ ਸੀ (ਜੂਨ 2020), ਜਿਸ ਵਿੱਚ ਰਾਜ ਡੀ ਬੀ ਟੀ ਦੇ ਪੋਰਟਲ ਦਾ ਵੈਬ ਸੂਚਨਾ ਪ੍ਰਬੰਧਕ ਅਤੇ ਤਕਨੀਕੀ ਪ੍ਰਬੰਧਕ ਦੀ ਜ਼ਿੰਮੇਵਾਰੀ ਸ਼ਾਮਲ ਸੀ, ਜਦੋਂਕਿ ਇਸ ਸਬੰਧ ਵਿੱਚ ਵੱਖਰੇ ਆਦੇਸ਼ ਜਾਰੀ ਨਹੀਂ ਕੀਤੇ ਗਏ ਸਨ। ਵਿਭਾਗ ਦਾ ਉੱਤਰ ਉਕਤ ਉਪਬੰਧਾਂ ਦੇ ਅਨੁਕੂਲ ਨਹੀਂ ਸੀ।
- ਜੀ ਆਈ ਜੀ ਡਬਲਿਊ ਦੇ ਦਿਸਾ ਨਿਰਦੇਸ਼ਾਂ ਦੇ ਪੈਰ੍ਹਾ 5.2 ਦੀ ਲੋੜ ਅਨੁਸਾਰ, ਰਾਜ ਡੀ ਬੀ ਟੀ ਪੋਰਟਲ ਤੇ ਸਮੱਗਰੀ ਪ੍ਰਕਾਸ਼ਤ ਕਰਨ ਦੇ ਸਬੰਧ ਵਿੱਚ ਡਾਟੇ ਦੀ ਪ੍ਰਮਾਣਿਕਤਾ ਤੇ ਜ਼ਿੰਮੇਵਾਰੀ, ਅਧਿਕਾਰੀਕਰਣ ਤੇ ਵਰਕ ਫਲੋਅ ਦੇ ਵੇਰਵਿਆਂ ਨੂੰ ਯਕੀਨੀ ਬਨਾਉਣ ਲਈ ਕੋਈ ਕੰਟੈਂਟ ਕੰਟਰੀਬਿਊਸ਼ਨ, ਮਾਡਰੇਸ਼ਨ, ਅਤੇ ਅਪਰੂਵਲ ਨੀਤੀ ਨਹੀਂ ਬਣਾਈ ਗਈ ਸੀ। ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਨੀਤੀ ਨੂੰ ਛੇਤੀ ਤੋਂ ਛੇਤੀ ਨੋਟੀਫਾਈ ਕਰਨ ਦਾ ਭਰੋਸਾ ਦਿੱਤਾ।
- ਜੀ ਆਈ ਜੀ ਡਬਲਿਯੂ ਦੇ ਦਿਸਾ ਨਿਰਦੇਸ਼ਾਂ ਦੇ ਪੈਰ੍ਹਾ 10.3 ਅਨੁਸਾਰ ਲੋੜੀਂਦੀ ਗੁਣਵੱਤਾ ਅਤੇ ਅਨੁਕੂਲਤਾ ਦੇ ਮੁੱਦਿਆਂ ਨੂੰ ਸੁਲਝਾਉਣ ਅਤੇ ਹੱਲ ਕਰਨ ਲਈ ਕੋਈ ਵੈਬਸਾਈਟ ਨਿਗਰਾਨੀ ਨੀਤੀ ਨਹੀਂ ਬਣਾਈ ਗਈ ਸੀ। ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਦੱਸਿਆ ਕਿ ਵੈਬਸਾਈਟ ਨਿਗਰਾਨੀ ਨੀਤੀ ਜਨਵਰੀ 2021 ਵਿੱਚ ਤਿਆਰ ਕੀਤੀ ਗਈ ਸੀ। ਜਦੋਂਕਿ, ਲੇਖਾ ਪ੍ਰੀਖਿਆ ਨੇ ਵੇਖਿਆ ਕਿ ਗੁਣਵੱਤਾ ਅਤੇ ਅਨੁਕੂਲਤਾ ਦੇ ਮੁੱਦਿਆਂ ਨੂੰ ਸੁਲਝਾਉਣ ਅਤੇ ਹੱਲ ਕਰਨ ਲਈ ਨਿਗਰਾਨੀ ਅਤੇ ਯੋਜਨਾਬੰਦੀ ਕਰਨ ਵਾਸਤੇ ਸਮੇਂ ਦਾ ਕੋਈ ਅੰਤਰਾਲ ਨੀਤੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ। ਵਿਭਾਗ ਦੁਆਰਾ ਬਣਾਈ ਗਈ ਨੀਤੀ ਵਿੱਚ ਸਿਰਫ ਉਪਰੋਕਤ ਦਿਸ਼ਾ ਨਿਰਦੇਸ਼ਾਂ ਦੇ ਉਪਬੰਧਾਂ ਨੂੰ ਦੁਹਰਾਇਆ ਗਿਆ ਸੀ।
- ਜੀ ਆਈ ਜੀ ਡਬਲਿਊ ਦੇ ਦਿਸਾ ਨਿਰਦੇਸ਼ਾਂ ਦੇ ਪੈਰ੍ਹਾ 5.7 ਅਨੁਸਾਰ ਲੋੜੀਂਦੀ ਰਾਜ ਡੀ ਬੀ ਟੀ ਪੋਰਟਲ ਤੇ ਖੇਤਰੀ ਭਾਸ਼ਾ ਦੀ ਸਮੱਗਰੀ ਲਈ ਕੋਈ ਵਿਵਸਥਾ ਨਹੀਂ ਕੀਤੀ ਗਈ ਸੀ। ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਛੇਤੀ ਤੋਂ ਛੇਤੀ ਪਾਲਣਾ ਕਰਨ ਦਾ ਭਰੋਸਾ ਦਿੱਤਾ।

**(ii)** ਰਾਜਾਂ ਵਿੱਚ ਡੀ ਬੀ ਟੀ ਬਾਰੇ ਪ੍ਰੋਟੋਕੋਲ ਦਸਤਾਵੇਜ਼ ਦਾ ਪੈਰ੍ਹਾ 2.2 (4) ਵਿਵਸਥਾ ਕਰਦਾ ਹੈ ਕਿ ਲਾਭ ਟਰਾਂਸਫਰ ਬਾਰੇ ਰਾਜ ਪੱਧਰੀ ਜਾਣਕਾਰੀ ਨੂੰ ਇੱਕਠਾ ਕਰਨ ਲਈ ਰਾਜ ਡੀ ਬੀ ਟੀ ਪੋਰਟਲ ਨੂੰ ਕਨਸੈਪਚੁਏਲਾਈਜ਼ ਅਤੇ ਲਾਗੂ ਕਰਨ ਦੀ ਜ਼ਰੂਰਤ ਹੈ। ਪੋਰਟਲ (ਅਧਿਆਇ 2) ਬਾਰੇ ਸਟੈਂਡਰਡ ਓਪਰੇਟਿੰਗ ਪਰੋਸੀਜ਼ਰ ਅਤੇ ਯੂਜ਼ਰ ਮੈਨੂਅਲ ਵਿਵਸਥਾ ਕਰਦਾ ਹੈ, ਕਿ ਸਟੇਟ ਡੀ ਬੀ ਟੀ ਪੋਰਟਲ ਦੀ ਭੂਮਿਕਾ ਅਧਾਰਤ ਪਹੁੰਚ ਹੋਵੇ ਜਿੱਥੇ ਕਿ ਵੱਖ ਵੱਖ ਵਿਸ਼ੇਸ਼ ਅਧਿਕਾਰਾਂ ਦੇ ਅਧਾਰ ਤੇ ਪੋਰਟਲ ਨੂੰ ਪਹੁੰਚ ਕਰਨ ਲਈ ਵੱਖ ਵੱਖ ਕਿਸਮ ਦੀਆਂ ਭੂਮਿਕਾਵਾਂ ਪ੍ਰੀਭਾਸ਼ਿਤ ਕੀਤੀਆਂ ਗਈਆਂ ਹੋਣ। ਪੋਰਟਲ ਉੱਤੇ ਡੀ ਬੀ ਟੀ ਅਤੇ ਰਾਜ ਵਿੱਚ ਉਸਦੀ ਤਰੱਕੀ ਨੂੰ ਜਾਣਨ ਲਈ ਜਨਤਾ ਲਈ ਗੁੰਮਨਾਮ ਪਹੁੰਚ ਅਤੇ ਇਸ ਉੱਤੇ ਜਨਤਾ ਲਈ ਹੋਮ ਪੇਜ, ਸਾਡੇ ਬਾਰੇ, ਸਕੀਮ, ਮਲਟੀਮੀਡੀਆ,

ਡੀ ਬੀ ਟੀ ਸੈੱਲ, ਦਸਤਾਵੇਜ਼, ਸਫਲਤਾ ਦੀ ਕਹਾਣੀ, ਸਾਡੇ ਨਾਲ ਸੰਪਰਕ ਕਰੋ, ਆਰ ਟੀ ਆਈ, ਐਫ ਏ ਕਉ, ਫੀਡਬੈਕ ਅਤੇ ਡਾਊਨਲੋਡ ਵਰਗੀਆਂ ਫੰਕਸ਼ਨੈਲਟੀਜ਼ ਹੋਣੀਆਂ ਚਾਹੀਦੀਆਂ ਹਨ।

ਸਟੇਟ ਡੀ ਬੀ ਟੀ ਪੋਰਟਲ ਦੀ ਪੜਤਾਲ ਤੋਂ ਪਤਾ ਚੱਲਿਆ ਹੈ ਕਿ ਪੋਰਟਲ 'ਤੇ **ਸਾਰਣੀ** 4.1 ਵਿੱਚ ਵਿਸਤ੍ਰਿਤ ਵੱਖ ਵੱਖ ਤਰਾਂ ਦੀ ਸੂਚਨਾ ਜਨਤਾ ਨੂੰ ਉਪਲੱਬਧ ਨਹੀਂ ਕਰਵਾਈ ਗਈ ਸੀ।

**ਸਾਰਣੀ 4.1: ਰਾਜ ਡੀ ਬੀ ਟੀ ਪੋਰਟਲ 'ਤੇ ਜਨਤਾ ਲਈ ਉਪਲੱਬਧ ਨਹੀਂ ਕੀਤੀ ਗਈ ਜਾਣਕਾਰੀ**

| ਫੰਕਸ਼ਨੈਲਟੀ ਦਾ ਨਾਂਅ | ਜਨਰਲ ਪੋਰਟਲ ਤੇ ਜਾਣਕਾਰੀ ਉਪਲੱਬਧ ਨਹੀਂ |
|---|---|
| ਸਾਡੇ ਬਾਰੇ | ਡੀ ਬੀ ਟੀ ਸਟੈਂਡਰਡ ਓਪਰੇਟਿੰਗ ਪਰੋਸੀਜ਼ਰ (ਐਸ ਓ ਪੀ) ਬਾਰੇ ਵਿਭਾਗਾਂ ਨੂੰ ਦਿਸ਼ਾਂ ਨਿਰਦੇਸ਼ਾਂ ਦੀ ਵਿਵਸਥਾ ਕਰਨਾ |
| ਸਕੀਮ | ਡੀ ਬੀ ਟੀ ਸਕੀਮਾਂ ਦੀ ਸੂਚੀ ਜਿਸ ਨੂੰ ਕਿ ਆਨ-ਬੋਰਡ ਕਰਨਾ ਹੈ। |
| ਮਲਟੀਮੀਡਿਆ | ਰਾਜ ਵਿੱਚ ਡੀ ਬੀ ਟੀ ਨਾਲ ਸਬੰਧਤ ਚਿੱਤਰ, ਵੀਡੀਓ ਅਤੇ ਪ੍ਰੈਸ ਲੇਖ। |
| ਦਸਤਾਵੇਜ਼ | ਭਾਵੇਂ ਫੰਕਸ਼ਨੈਲਟੀ ਦਿੱਤੀ ਗਈ ਹੈ, ਪਰ ਕੋਈ ਦਸਤਾਵੇਜ਼ ਜਿਵੇਂ ਕਿ ਸਰਕੂਲਰ, ਰਿਪੋਰਟਾਂ, ਇਵੈਂਟ ਦਸਤਾਵੇਜ਼, ਆਦਿ ਅਪਲੋਡ੍ਹ ਨਹੀਂ ਕੀਤੇ ਗਏ ਹਨ। |
| ਸਫਲਤਾ ਦੀ ਕਹਾਣੀ | ਲੀਕੇਜ, ਬੱਚਤਾਂ ਬਾਰੇ ਰਾਜ ਡੀ ਬੀ ਟੀ ਦੀ ਸਫਲਤਾ ਦੀਆਂ ਪਹਿਲਕਦਮੀਆਂ ਅਤੇ ਰਾਜ ਦੇ ਕਿਸੇ ਵਿਭਾਗ ਜਾਂ ਵਿਭਾਗਾਂ ਵਿੱਚ ਕਹਾਣੀ ਦੇ ਦੁਹਰਾਅ ਨੂੰ ਮਿਟਾਊਣਾ । |
| ਡਾਊਨਲੋਡ | ਸੈਕਸ਼ਨ, ਜਿੱਥੇ ਵਿਭਾਗ ਲੋਕੇਸ਼ਨ ਮਾਸਟਰ ਦਾ ਹਵਾਲਾ ਦੇ ਸਕਦਾ ਹੈ ਜੋਕਿ ਐਲ ਜੀ ਡੀ (ਸਥਾਨਕ ਸਰਕਾਰ ਡਾਇਰੈਕਟਰੀ) ਹੈ ਅਤੇ ਡਿਵੈਲਪਰ ਟੂਲਕਿੱਟ ਵਜੋਂ ਰਾਜ ਡੀ ਬੀ ਟੀ ਐਮ ਆਈ ਐਸ ਏਕੀਕਰਣ ਪਹੁੰਚ ਦਸਤਾਵੇਜ਼, ਜਿਸਦਾ ਕਿ ਰਾਜ ਡੀ ਬੀ ਟੀ ਪੋਰਟਲ ਨਾਲ ਵੈਬ ਸਰਵਿਸ ਹਸਤਾਖਰ ਜਾਂ ਡਾਟਾ ਐਕਸਚੇਂਜ ਲਈ ਪੂਰਵ ਨਿਰਧਾਰਤ ਫਾਈਲ ਫਾਰਮੈਟ ਹੋਵੇ। |

***ਸ੍ਰੋਤ: ਰਾਜ ਡੀ ਬੀ ਟੀ ਪੋਰਟਲ ਦੀ ਵੈਬਸਾਈਟ(http://dbt.punjab.gov.in)***

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਕਿਹਾ (ਜੁਲਾਈ 2021) ਕਿ ਇਹ ਭਾਗ ਖਾਲੀ ਰੱਖੇ ਗਏ ਸਨ ਕਿਉਂਕਿ ਕੋਈ ਸਮੱਗਰੀ ਉਪਲੱਬਧ ਨਹੀਂ ਸੀ। ਵਿਭਾਗ ਦਾ ਉੱਤਰ ਮੰਨਣਯੋਗ ਨਹੀਂ ਕਿਉਂਕਿ ਡੀ ਬੀ ਟੀ ਦੇ ਅਧੀਨ 17 ਵਿਭਾਗਾਂ/ਇਕਾਈਆਂ ਵਿੱਚ 127 ਸਕੀਮਾਂ ਕਾਰਜਸ਼ੀਲ ਹੋਣ ਦੇ ਬਾਵਜ਼ੂਦ ਉਪਰੋਕਤ ਦਿਸਾ ਨਿਰਦੇਸਾਂ ਅਨੁਸਾਰ, ਆਮ ਲੋਕਾਂ ਲਈ ਰਾਜ ਡੀ ਬੀ ਟੀ ਪੋਰਟਲ ਤੇ ਲੋੜੀਂਦੀ ਜਾਣਕਾਰੀ ਉਪਲਬਧ ਨਹੀਂ ਕਰਵਾਈ ਗਈ ਸੀ।

## 4.3 ਲਾਭਪਾਤਰੀਆਂ ਦੇ ਡਾਟਾ ਨੂੰ ਰੀਅਲ ਟਾਇਮ ਕੈਪਚਰ ਕਰਨ ਦੀ ਵਿਵਸਥਾ ਨਾ ਹੋਣਾ

ਡੀ ਬੀ ਟੀ ਭਾਰਤ ਪੋਰਟਲ (ਰਾਜਾਂ/ਯੂ ਟੀਜ਼) ਲਈ ਸਟੈਂਡਰਡ ਅਪਰੇਟਿੰਗ ਪ੍ਰੋਸੀਜ਼ਰ (ਐਸ ਓ ਪੀ) ਅਤੇ ਸਿੱਧੇ ਲਾਭ ਟਰਾਂਸਫਰ ਲਈ ਭਾਰਤ ਸਰਕਾਰ ਦੁਆਰਾ ਜਾਰੀ ਕੀਤੇ ਗਏ ਐਸ ਓ ਪੀ ਸੇਡਿਊਲ, ਰੀਅਲ ਟਾਈਮ ਐਮ ਆਈ ਐਸ ਪੋਰਟਲ ਬਨਾਉਣ ਅਤੇ ਸੰਭਾਲਣ ਦੀ ਵਿਵਸਥਾ ਕਰਦੇ ਹਨ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਲਾਭਪਾਤਰੀਆਂ ਦੇ ਡਾਟਾ ਨੂੰ ਰੀਅਲ ਟਾਈਮ ਕੈਪਚਰ ਕਰਨ ਲਈ ਰਾਜ ਡੀ ਬੀ ਟੀ ਪੋਰਟਲ 'ਤੇ ਕੋਈ ਵਿਧੀ ਮੌਜੂਦ ਨਹੀਂ ਸੀ। ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਦੱਸਿਆ (ਜੁਲਾਈ 2021) ਕਿ ਰਾਜ ਦੇ ਡੀ ਬੀ ਟੀ ਪੋਰਟਲ ਉੱਤੇ ਡਾਟੇ ਨੂੰ ਸਬੰਧਤ ਵਿਭਾਗਾਂ ਦੁਆਰਾ ਮਹੀਨਾਵਾਰ ਪ੍ਰਗਤੀ ਇਨਪੁਟ ਵਜੋਂ ਦਰਸਾਇਆ ਜਾ ਰਿਹਾ ਹੈ। ਇਹ ਜੋੜਿਆ ਗਿਆ ਕਿ ਡੀ ਬੀ ਟੀ ਮਿਸ਼ਨ ਦੁਆਰਾ ਪ੍ਰਦਾਨ ਕੀਤੇ ਗਏ ਸਟੈਂਡਰਡ ਡੀ ਬੀ ਟੀ ਪੋਰਟਲ ਢਾਂਚੇ 'ਤੇ ਅਧਾਰਤ ਮੌਜੂਦਾ ਰਾਜ ਡੀ ਬੀ ਟੀ ਪੋਰਟਲ ਵਿੱਚ ਰੀਅਲ ਟਾਈਮ ਡਾਟਾ ਕੈਪਚਰ

ਕਰਨ ਦੀ ਕੋਈ ਵਿਵਸਥਾ ਨਹੀਂ ਸੀ। ਵਿਭਾਗ ਦਾ ਉੱਤਰ ਉਪਰੋਕਤ ਐਸ ਓ ਪੀ ਅਨਕੂਲਤਾ ਵਿੱਚ ਨਹੀਂ ਸੀ। ਡੇਟਾ ਦੀ ਅਸਲ ਸਮੇਂ ਵਿੱਚ ਕੈਪਚਰਿੰਗ ਦੀ ਅਣਹੋਂਦ ਵਿੱਚ, ਡੀ ਬੀ ਟੀ ਸਕੀਮਾਂ ਦੀ ਮੌਜੂਦਾ ਸਥਿਤੀ ਲਾਭਪਾਤਰੀਆਂ ਨੂੰ ਕਵਰ ਕੀਤਾ, ਵਿੱਤੀ ਸਹਾਇਤਾ ਵੰਡੀ ਆਦਿ ਡੀ ਬੀ ਟੀ ਪੋਰਟਲ ਤੇ ਉਪਲਬਧ ਨਹੀਂ ਹੋਣਗੇ ਜੋ ਕਿ ਨਿਗਰਾਨੀ ਅਤੇ ਕੁਸਲ ਫੈਸਲੇ ਲੈਣ ਵਿੱਚ ਰੁਕਾਵਟ ਪਾ ਸਕਦੇ ਹਨ।

## 4.4 ਸਮਾਜਿਕ ਸੁਰੱਖਿਆ ਸਕੀਮਾਂ ਵਿੱਚ ਡਾਟਾ ਦਾ ਮੇਲ ਨਾ ਖਾਣਾ

ਰਾਜਾਂ/ਯੂ ਟੀਜ਼ ਲਈ ਭਾਰਤ ਸਰਕਾਰ ਦੇ ਡੀ ਬੀ ਟੀ ਮਿਸ਼ਨ ਦੁਆਰਾ ਜਾਰੀ ਡੀ ਬੀ ਟੀ ਭਾਰਤ ਪੋਰਟਲ ਉੱਤੇ ਐਸ ਓ ਪੀ ਦਾ ਪੈਰ੍ਹਾ 1.2, ਵਿਵਸਥਾ ਕਰਦਾ ਹੈ ਕਿ ਕਿਉਂਕਿ ਡੀ ਬੀ ਟੀ ਪੋਰਟਲ ਤੇ ਦਿੱਤਾ ਗਿਆ ਡਾਟਾ ਜਨਤਕ ਖੇਤਰ ਵਿੱਚ ਉਪਲੱਬਧ ਹੈ, ਇਸ ਲਈ ਸਟੇਟ ਡੀ ਬੀ ਟੀ ਸੈੱਲ ਕੋਆਰਡੀਨੇਟਰ ਨੂੰ ਕਿਸੇ ਵੀ ਵੇਰਵੇ ਦਾ ਪੋਰਟਲ ਤੇ ਇੰਦਰਾਜ ਕਰਨ ਤੋਂ ਪਹਿਲਾ ਇਸਦੀ ਪ੍ਰਮਾਣਿਤਾ ਅਤੇ ਪੁਸ਼ਟੀ ਕਰਨੀ ਹੋਵੇਗੀ। ਇਹ ਅੱਗੇ ਵਿਵਸਥਾ ਕਰਦਾ ਹੈ ਕਿ ਸਾਰੀ ਰਾਜ ਵਿਸੇਸ਼ ਜਾਣਕਾਰੀ ਦੀ ਮਲਕੀਅਤ ਰਾਜਾਂ ਦੇ ਕੋਲ ਹੋਵੇਗੀ। ਅੱਗੇ, ਭਾਰਤ ਸਰਕਾਰ ਨੇ ਜੋਰ ਦੇ ਕੇ ਕਿਹਾ (ਮਈ 2017) ਕਿ ਰਾਜ ਡੀ ਬੀ ਟੀ ਨੋਡਲ ਅਫਸਰ ਵਿਭਾਗੀ/ਸੈਕਸ਼ਨ ਪੱਧਰ ਦੇ ਅਧਿਕਾਰੀਆਂ ਨੂੰ ਨਾਮਜ਼ਦ ਕਰੇਗਾ ਜੋਕਿ ਹਰ ਇੱਕ ਕੇਂਦਰੀ ਪ੍ਰਾਯੋਜਿਤ ਸਕੀਮ ਦੇ ਮਹੀਨਾਵਾਰ ਅੰਕੜਿਆਂ ਦੇ ਇੰਦਰਾਜ਼ ਲਈ ਜਿੰਮੇਵਾਰ ਹੋਣਗੇ ਅਤੇ ਉਨ੍ਹਾਂ ਨੂੰ ਡੀ ਬੀ ਟੀ ਐਮ ਆਈ ਐਸ ਪੋਰਟਲ ਵਿੱਚ ਆਪਣੇ ਆਪ ਨੂੰ ਰਜਿਸਟਰਡ ਕਰਨ ਦੇ ਨਿਰਦੇਸ਼ ਦੇਣਗੇ। ਜਦੋਂਕਿ, ਡਾਟਾ ਦੇ ਸਹੀ ਹੋਣ ਦੀ ਜ਼ਿੰਮੇਵਾਰੀ ਸਿਰਫ ਰਾਜ ਡੀ ਬੀ ਟੀ ਨੋਡਲ ਅਫਸਰ ਦੀ ਹੋਵੇਗੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 2017-2021 ਦੇ ਸਮੇਂ ਦੇ ਦੌਰਾਨ (ਜੁਲਾਈ 2020 ਤੱਕ) ਡੀ ਬੀ ਟੀ ਅਧੀਨ ਤਿੰਨ ਚੁਣੀਆਂ ਗਈਆਂ ਸਕੀਮਾਂ ਅਰਥਾਤ ਓ ਏ ਪੀ, ਐਫ ਏ ਡਬਲਿਊ ਡੀ ਡਬਲਿਊ ਅਤੇ ਐਫ ਏ ਡੀ ਸੀ ਵਿੱਚ, ਲਾਭਪਾਤਰੀਆਂ ਨੂੰ ਟਰਾਂਸਫਰ ਕੀਤੀ ਗਈ ਨਕਦ ਰਾਸ਼ੀ ਦੇ ਸਬੰਧ ਵਿੱਚ ਡੀ ਬੀ ਟੀ ਪੋਰਟਲ ਤੇ ਅਪਲੋਡ ਕੀਤੀ ਗਈ ਅਤੇ ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਸਪਲਾਈ ਕੀਤੀ ਗਈ ਰਾਸ਼ੀ ਵਿਚਕਾਰ ₹ 34.00 ਕਰੋੜ ਅਤੇ ₹ 4,555.58 ਕਰੋੜ ਦੀ ਰੇਂਜ ਵਿਚਕਾਰ ਅੰਤਰ ਸੀ, ਜਿਵੇਂ ਕਿ **ਸਾਰਣੀ** 4.2 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 4.2: ਸਾਲ 2017-2021 ਦੇ ਸਮੇਂ ਦੌਰਾਨ (ਜੁਲਾਈ 2020 ਤੱਕ) ਤਿੰਨ ਚੁਣੀਆਂ ਗਈਆਂ ਸਕੀਮਾਂ ਵਿੱਚ ਲਾਭਪਾਤਰੀਆਂ ਨੂੰ ਟਰਾਂਸਫਰ ਕੀਤੀ ਗਈ ਨਕਦ ਰਾਸ਼ੀ ਵਿੱਚ ਅੰਤਰ**

*(₹ ਕਰੋੜ ਵਿੱਚ)*

| ਸਕੀਮ ਦਾ ਨਾਂ | ਸਾਲ | ਡੀ ਬੀ ਟੀ ਪੋਰਟਲ ਅਨੁਸਾਰ ਟਰਾਂਸਫਰ ਕੀਤਾ ਕੈਸ਼ | ਡੀ ਐਸ ਐਸ ਡਬਲਿਊ ਸੀ ਡੀ ਅਨੁਸਾਰ ਟਰਾਂਸਫਰ ਕੀਤਾ ਕੈਸ਼ | ਅੰਕੜਿਆਂ ਵਿੱਚ ਅੰਤਰ |
|---|---|---|---|---|
| ਬੁਢਾਪਾ ਪੈਨਸ਼ਨ (ਓ ਏ ਪੀ) | 2017-18 | 5,242.92 | 687.34 | 4,555.58 |
| | 2018-19 | 262.06 | 1,179.04 | 916.98 |
| | 2019-20 | 246.30 | 1,399.26 | 1,152.96 |
| | 2020-21 (07/2020 ਤੱਕ) | 822.22 | 629.93 | 192.29 |

| ਸਕੀਮ ਦਾ ਨਾਂ | ਸਾਲ | ਡੀ ਬੀ ਟੀ ਪੋਰਟਲ ਅਨੁਸਾਰ ਟਰਾਂਸਫਰ ਕੀਤਾ ਕੈਸ਼ | ਡੀ ਐਸ ਐਸ ਡਬਲਿਊ ਸੀ ਡੀ ਅਨੁਸਾਰ ਟਰਾਂਸਫਰ ਕੀਤਾ ਕੈਸ਼ | ਅੰਕੜਿਆਂ ਵਿੱਚ ਅੰਤਰ |
|---|---|---|---|---|
| ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਨੂੰ ਵਿੱਤੀ ਸਹਾਇਤਾ (ਐਫ ਏ ਡਬਲਿਊ ਡੀ ਡਬਲਿਊ) | 2017-18 | 399.88 | 197.95 | 201.93 |
| | 2018-19 | 24.97 | 336.02 | 311.05 |
| | 2019-20 | 102.02 | 388.58 | 286.56 |
| | 2020-21 ( 07/2020 ਤੱਕ) | 241.74 | 172.65 | 69.09 |
| ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ (ਐਫ ਏ ਡੀ ਸੀ) | 2017-18 | 206.81 | 68.66 | 138.15 |
| | 2018-19 | 8.58 | 114.51 | 105.93 |
| | 2019-20 | 23.05 | 132.13 | 109.08 |
| | 2020-21 ( 07/2020 ਤੱਕ) | 92.07 | 58.07 | 34.00 |

*ਸ੍ਰੋਤ: ਵਿਭਾਗੀ ਜਾਣਕਾਰੀ*

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ (ਜੁਲਾਈ 2021) ਕਿ ਅੰਕੜਿਆਂ ਵਿੱਚ ਭਿੰਨਤਾ ਨੂੰ ਸੁਲਝਾਉਣ ਲਈ ਜਿਲ੍ਹਾ ਪੱਧਰ ਤੇ ਡੀ ਐਸ ਐਸ ਓਜ਼ ਨਾਲ ਮੇਲ-ਮਿਲਾਪ ਕੀਤਾ ਜਾਵੇਗਾ ਅਤੇ ਰਾਜ ਡੀ ਬੀ ਟੀ ਪੋਰਟਲ ਤੇ ਸਹੀ ਅੰਕੜੇ ਦਰਸਾਏ ਜਾਣਗੇ। ਜਦੋਂਕਿ, ਡਾਈਰੈਕਟਰ, (ਡੀ ਜੀ ਆਰ ਪੀ ਜੀ) ਨੇ ਕਿਹਾ ਕਿ ਰਾਜ ਡੀ ਬੀ ਟੀ ਸੈੱਲ ਦੇ ਪੱਧਰ ਤੇ ਅੰਕੜਿਆਂ ਦੇ ਸਹੀ ਹੋਣ ਦੀ ਜਾਂਚ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ, ਕਿਉਂਕਿ ਸਕੀਮਾਂ ਨੂੰ ਲਾਗੂ ਕਰਨ ਨਾਲ ਸਬੰਧਤ ਡਾਟਾ ਨੂੰ ਸਬੰਧਤ ਵਿਭਾਗਾਂ ਦੁਆਰਾ ਪੂਰੀ ਮਿਹਨਤ ਤੋਂ ਬਾਅਦ ਪੇਸ਼ ਕੀਤਾ ਗਿਆ ਸੀ। ਇਹ ਜੋੜਿਆ ਗਿਆ ਕਿ ਵਿਭਾਗਾਂ ਨੂੰ ਵੈਬ ਪੋਰਟਲ ਤੇ ਸਹੀ ਡਾਟਾ ਅਪਲੋਡ ਕਰਨ ਲਈ ਨਿਰਦੇਸ਼ ਦਿੱਤੇ ਗਏ ਹਨ।

ਤੱਥ ਇਹ ਹੈ ਕਿ ਡੀ ਜੀ ਆਰ ਪੀ ਜੀ ਪੱਧਰ ਤੇ ਨਿਗਰਾਨੀ ਅਤੇ ਰਾਜ ਡੀ ਬੀ ਟੀ ਸੈੱਲ ਅਤੇ ਡੀ ਐਸ ਐਸ ਡਬਲਿਊ ਸੀ ਡੀ ਦੇ ਵਿਚਕਾਰ ਤਾਲਮੇਲ ਦੀ ਘਾਟ ਦੇ ਕਾਰਣ, ਜਨਤਕ ਜਾਣਕਾਰੀ ਲਈ ਅਪਲੋਡ ਕੀਤੀਆ ਚੁਣੀਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਦੇ ਅਧੀਨ ਲਾਭਪਾਤਰੀਆਂ ਨੂੰ ਟਰਾਂਸਫਰ ਕੀਤੀ ਗਈ ਨਕਦ ਰਾਸ਼ੀ ਦੀ ਮਾਤਰਾ ਦੇ ਅੰਕੜਿਆਂ ਨੂੰ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ ਸੀ, ਅਤੇ ਇਸ ਤਰਾਂ ਉਕਤ ਉਪਬੰਧਾਂ ਦੀ ਪਾਲਣਾ ਨਹੀਂ ਕੀਤੀ ਗਈ ਸੀ।

## 4.5 ਆਫਤ ਰਿਕਵਰੀ ਅਤੇ ਕਾਰੋਬਾਰੀ ਨਿਰੰਤਰਤਾ ਯੋਜਨਾ

ਜੀ ਆਈ ਜੀ ਡਬਲਿਊ ਦਿਸਾ ਨਿਰਦੇਸ਼ਾਂ ਦਾ ਪੈਰ੍ਹਾ 8.3.4 ਵਿਵਸਥਾ ਕਰਦਾ ਹੈ ਕਿ ਅਜਿਹੀਆਂ ਸਥਿਤੀਆਂ ਹੋ ਸਕਦੀਆਂ ਹਨ ਜਿਨ੍ਹਾਂ ਵਿੱਚ ਕਿਸੇ ਕੁਦਰਤੀ ਆਫਤ ਦੇ ਕਾਰਣ, ਸਾਰਾ ਡਾਟਾ ਸੈਂਟਰ ਜਿੱਥੇ ਵੈਬਸਾਈਟ ਹੋਸਟ ਕੀਤੀ ਜਾ ਰਹੀ ਹੈ, ਨਸ਼ਟ ਹੋ ਜਾਵੇ ਜਾਂ ਉਸਦੀ ਹੋਂਦ ਖਤਮ ਹੋ ਜਾਵੇ। ਅਜਿਹੀਆ ਸਥਿਤੀਆਂ ਲਈ ਇੱਕ ਵਧੀਆ ਯੋਜਨਾਬੱਧ ਸੰਕਟਕਾਲੀਨ ਮੈਕਾਨਿਜ਼ਮ ਮੌਜੂਦ ਹੋਣਾ ਚਾਹੀਦਾ ਹੈ, ਜਿਸ ਵਿੱਚ ਇਹ ਸੁਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ ਕਿ ਹੋਸਟਿੰਗ ਸੇਵਾ ਪ੍ਰਦਾਨ ਕਰਤਾ ਦਾ ਭੁਗੋਲਿਕ ਤੌਰ ਤੇ ਦੂਰ ਦੁਰਾਡੇ ਸਥਾਨ ਤੇ 'ਆਫਤ ਰਿਕਵਰੀ ਕੇਂਦਰ' (ਡੀ ਆਰ ਸੀ)' ਸਥਾਪਤ ਕੀਤਾ ਜਾਵੇ ਅਤੇ ਘੱਟ ਤੋਂ ਘੱਟ ਦੇਰੀ ਕਰਦੇ ਹੋਏ ਵੈਬਸਾਈਟ ਦਾ ਡੀ ਆਰ ਸੀ ਵਿੱਚ ਤਬਾਦਲਾ ਕਰ ਦਿੱਤਾ ਜਾਵੇ ਅਤੇ ਵੈਬ ਨੂੰ ਬਹਾਲ ਕਰ ਦਿੱਤਾ ਜਾਵੇ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਡੀ ਜੀ ਆਰ ਪੀ ਜੀ ਕੋਲ ਡੀ ਜੀ ਆਰ ਪੀ ਜੀ ਦੇ ਡਾਇਰੈਕਟੋਰੇਟ ਦਫਤਰ ਦੇ ਸਟੇਟ ਡਾਟਾ ਸੈਂਟਰ (ਐਸ ਡੀ ਸੀ) ਵਿਖੇ ਸਥਾਨਕ ਤੌਰ ਤੇ ਰੱਖੇ ਜਾ ਰਹੇ ਸਟੇਟ ਡੀ ਬੀ ਟੀ ਪੋਰਟਲ ਲਈ ਕੋਈ ਡਿਜ਼ਾਸਟਰ ਰਿਕਵਰੀ ਅਤੇ ਬਿਜ਼ਨਸ ਕੰਟੀਨਿਊਟੀ ਪਲਾਨ (ਡੀ ਆਰ ਬੀ ਸੀ ਪੀ) ਨਹੀਂ ਸੀ। ਜਦੋਂਕਿ ਸਮਾਜਿਕ ਸੁਰੱਖਿਆ ਪੋਰਟਲ (ਪੀ ਬੀ ਐਮ ਐਸ) ਦੀ ਮੇਜ਼ਬਾਨੀ ਭਾਰਤ ਸੰਚਾਰ ਨਿਗਮ ਲਿਮਿਟਡ (ਬੀ ਐਸ ਐਨ ਐਲ) ਕਲਾਊਡ 'ਤੇ ਕੀਤੀ ਗਈ ਸੀ ਜਿਸਨੂੰ ਕਿ ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਕਿਰਾਏ 'ਤੇ ਲਿਆ ਗਿਆ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਭਾਵੇਂ ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਕਿਰਾਏ ਤੇ ਲਏ ਗਏ ਭਾਰਤ ਸੰਚਾਰ ਨਿਗਮ ਲਿਮਟਿਡ (ਬੀ ਐਸ ਐਨ ਐਲ) ਕਲਾਉਡ ਤੇ ਪੀ ਬੀ ਐਮ ਐਸ ਦੀ ਮੇਜ਼ਬਾਨੀ ਕੀਤੀ ਗਈ ਸੀ, ਡੀ ਜੀ ਆਰ ਪੀ ਜੀ ਕੋਲ ਰਾਜ ਡੀ ਬੀ ਟੀ ਪੋਰਟਲ ਲਈ ਕੋਈ ਆਫਤ ਰਿਕਵਰੀ ਅਤੇ ਵਪਾਰ ਨਿਰੰਤਰਤਾ ਯੋਜਨਾ (ਡੀ ਆਰ ਬੀ ਸੀ ਪੀ) ਨਹੀਂ ਸੀ। ਇਹ ਸਥਾਨਕ ਤੌਰ ਤੇ ਡੀ ਜੀ ਆਰ ਪੀ ਜੀ ਦੇ ਦਫਤਰ ਵਿੱਚ ਸਟੇਟ ਡੇਟਾ ਸੈਂਟਰ (ਐਸ ਡੀ ਸੀ) ਵਿੱਚ ਸੰਭਾਲਿਆ ਜਾ ਰਿਹਾ ਸੀ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਕਿਹਾ (ਜੁਲਾਈ 2021) ਕਿ ਜੀ ਆਈ ਜੀ ਡਬਲਿਊ ਦੇ ਦਿਸਾ ਨਿਰਦੇਸਾਂ ਅਨੁਸਾਰ ਆਫਤ ਰਿਕਵਰੀ ਕੇਂਦਰ ਸਥਾਪਤ ਕਰਨ ਲਈ ਫ਼ਰਮ ਨਾਲ ਗੱਲਬਾਤ ਕੀਤੀ ਜਾ ਰਹੀ ਹੈ

## 4.6 ਪਾਸਵਰਡ ਨੀਤੀ

ਪਾਸਵਰਡ ਨੀਤੀ ਦਾ ਉਦੇਸ਼ ਮਜ਼ਬੂਤ ਪਾਸਵਰਡ ਬਣਾਉਣ, ਉਨ੍ਹਾਂ ਪਾਸਵਰਡਾਂ ਦੀ ਸੁਰੱਖਿਆ ਕਰਨ ਅਤੇ ਪਾਸਵਰਡ ਬਦਲਣ ਦੇ ਅੰਤਰਾਲ ਲਈ ਇੱਕ ਮਿਆਰ ਸਥਾਪਤ ਕਰਨਾ ਹੈ। ਯੂਜ਼ਰ-ਲੈਵਲ ਦੇ ਸਾਰੇ ਪਾਸਵਰਡ ਸਮੇਂ ਸਮੇਂ ਤੇ ਬਦਲੇ ਜਾਣੇ ਚਾਹੀਦੇ ਹਨ। ਪਾਸਵਰਡ ਨੂੰ ਇੱਕ ਨਿਸ਼ਚਤ ਘੱਟੋ ਘੱਟ ਲੰਬਾਈ ਦਾ ਹੋਣਾ ਚਾਹੀਦਾ ਹੈ ਅਤੇ ਇਸ ਵਿੱਚ ਵਰਣਮਾਲਾ, ਸੰਖਿਆਵਾਂ ਅਤੇ ਵਿਸ਼ੇਸ਼ ਅੱਖਰਾਂ ਦਾ ਮਿਸ਼ਰਣ ਹੋਣਾ ਚਾਹੀਦਾ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪਾਸਵਰਡ ਦੀ ਰਚਨਾ ਅਤੇ ਲੰਬਾਈ, ਪਾਸਵਰਡ ਬਦਲਣ ਦੇ ਅੰਤਰਾਲ, ਆਦਿ ਦੀ ਪਰਿਭਾਸ਼ਾ ਦੇਣ ਵਾਲੀ ਕੋਈ ਪਾਸਵਰਡ ਨੀਤੀ ਨਹੀਂ ਬਣਾਈ ਗਈ ਸੀ। ਇਸ ਦੀ ਅਣਹੋਂਦ ਵਿੱਚ, ਡੀ ਐਸ ਐਸ ਓਜ਼/ਐਪਲੀਕੇਸ਼ਨ ਦੇ ਵਰਤੋਂਕਾਰਾਂ ਲਈ ਵੱਡੇ/ਛੋਟੇ ਅੱਖਰਾਂ -ਅੰਕਾਂ-ਵਿਸ਼ੇਸ਼ ਅੱਖਰਾਂ ਦੇ ਸੁਮੇਲ ਨਾਲ ਪਾਸਵਰਡ ਹੋਣਾ ਲਾਜ਼ਮੀ ਨਹੀਂ ਸੀ। ਚੁਣੇ ਗਏ ਜ਼ਿਲ੍ਹਿਆਂ ਦੇ ਡੀ ਐਸ ਐਸ ਓਜ਼ ਅਤੇ ਨਿਯਮਤ ਅਧਾਰ ਤੇ ਐਪਲੀਕੇਸ਼ਨ ਦੇ ਵਰਤੋਂਕਾਰਾਂ ਦੁਆਰਾ ਵੀ ਨਿਯਮਤ ਅਧਾਰ ਤੇ ਪਾਸਵਰਡ ਨਹੀਂ ਬਦਲਿਆਂ ਜਾ ਰਿਹਾ ਸੀ, ਜਿਸਦੇ ਨਤੀਜੇ ਵਜੋਂ ਐਕਸੈਸ ਲਈ ਲੋੜੀਂਦੇ ਕੰਟਰੋਲਾਂ ਦੀ ਕਮੀ ਸੀ।

ਐਗਜ਼ਿਟ ਕਾਨਫਰੰਸ ਦੌਰਾਨ, ਡਾਇਰੈਕਟਰ, ਡੀ ਜੀ ਆਰ ਪੀ ਜੀ ਨੇ ਕਿਹਾ (ਜੁਲਾਈ 2021) ਕਿ ਵਰਤਮਾਨ ਵਿੱਚ ਸਮਾਜਿਕ ਸੁੱਰਖਿਆ ਪੈਨਸਨ ਲਾਭਪਾਤਰੀ ਪ੍ਰਬੰਧਨ ਪ੍ਰਣਾਲੀ ਦੇ ਸਬੰਧ ਵਿੱਚ ਕੋਈ ਰਸਮੀ ਪਾਸਵਰਡ ਨੀਤੀ ਨਹੀਂ ਸੀ, ਪਰ ਪਾਸਵਰਡ ਨਾਲ ਸਬੰਧਤ ਨਿਯਮ ਜਿਵੇਂ ਕਿ ਲੰਬਾਈ (06-12 ਅੱਖਰ), ਸੰਖਿਆਵਾਂ ਅਤੇ ਵਰਣਮਾਲਾ ਦਾ ਸੁਮੇਲ, ਪਾਸਵਰਡ ਬਦਲਦੇ ਸਮੇ ਆਖਰੀ ਤਿੰਨ ਪਾਸਵਰਡਾਂ ਦੀ ਵਰਤੋਂ ਤੇ ਪਾਬੰਦੀ ਅਤੇ ਹਰ ਨਵੇਂ ਵਰਤੋਂਕਾਰ ਲਈ ਇਸਦੇ ਪਹਿਲੇ ਲੌਗਇਨ ਤੇ

ਲਾਜਮੀ ਪਾਸਵਰਡ ਬਦਲਨਾ ਲਾਗੂ ਕੀਤਾ ਗਿਆ ਸੀ। ਇਹ ਮੰਨਿਆ ਗਿਆ ਹੁਣ ਤੱਕ ਕੋਈ ਵੀ ਪਾਸਵਰਡ ਸਮਾਪਤੀ ਨਿਯਮ ਨਹੀਂ ਬਣਾਇਆ ਗਿਆ ਸੀ। ਇਹ ਜੋੜਿਆ ਗਿਆ ਕਿ ਰਸਮੀ ਪਾਸਵਰਡ ਨੀਤੀ ਤਿਆਰ ਕੀਤੀ ਜਾਵੇਗੀ ਅਤੇ ਸਬੰਧਤ ਵਿਭਾਗਾਂ ਨੂੰ ਭੇਜੀ ਜਾਵੇਗੀ। ਡਾਇਰੈਕਟਰ, ਡੀ ਐਸ ਐਸ ਡਬਲਿਊ ਸੀ ਡੀ ਨੇ ਕਿਹਾ ਕਿ ਪਾਸਵਰਡ ਨੀਤੀ ਨੂੰ ਲਾਗੂ ਕਰਨ ਲਈ ਯਤਨ ਕੀਤੇ ਜਾਣਗੇ। ਇਹ ਵੀ ਸੂਚਿਤ (ਫਰਵਰੀ 2022) ਕੀਤਾ ਗਿਆ ਕਿ ਜੂਨ 2021 ਵਿੱਚ ਇੱਕ ਸਾਈਬਰ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ।

## 4.7 ਸਿੱਟੇ

ਜਿਵੇਂ ਕਿ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੌਰਾਨ ਧਿਆਨ ਵਿੱਚ ਆਈਆਂ ਹੇਠ ਲਿਖੀਆਂ ਵਿਸੰਗਤੀਆਂ ਤੋਂ ਵੇਖਿਆ ਜਾ ਸਕਦਾ ਹੈ, ਡੀ ਬੀ ਟੀ ਦੇ ਬੁਨਿਆਦੀ ਢਾਂਚੇ, ਸੰਗਠਨ ਅਤੇ ਪ੍ਰਬੰਧਨ ਵਿੱਚ ਸੁਧਾਰ ਦੀ ਗੁੰਜਾਇਸ਼ ਸੀ :

- ਪੰਜਾਬ ਰਾਜ ਵਿੱਚ ਰਾਜ ਸਲਾਹਕਾਰ ਬੋਰਡ (ਐਸ ਏ ਬੀ) ਦਾ ਗਠਨ ਕਰ ਲਿਆ ਗਿਆ ਸੀ (ਨਵੰਬਰ 2017)। ਹਾਲਾਂਕਿ, ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ ਸੈੱਲ ਦੀ ਕਾਰਜਕਾਰੀ ਸੰਸਥਾ ਨੂੰ ਇੱਕ ਸੰਪੂਰਨ ਅਤੇ ਸਰਵ-ਪੱਖੀ ਸਲਾਹਕਾਰੀ ਅਤੇ ਕਨਸਲਟਿੰਗ ਇਨਪੁਟ ਮੁਹੱਈਆ ਕਰਵਾਉਣ ਲਈ, ਐਸ ਏ ਬੀ ਦੀ ਕੋਈ ਵੀ ਮੀਟਿੰਗ ਨਹੀਂ ਕੀਤੀ ਗਈ ਸੀ।

- ਰਾਜ ਡੀ ਬੀ ਟੀ ਸੈੱਲ ਦੇ ਦਿਸ਼ਾ ਨਿਰਦੇਸ਼ਾਂ ਦੀ ਲੋੜ ਅਨੁਸਾਰ ਹੇਠਲੇ ਪੱਧਰ ਤੋਂ ਸਹਿਯੋਗ ਅਤੇ ਭਾਗੀਦਾਰੀ ਪ੍ਰਾਪਤ ਕਰਨ ਲਈ, ਸੈੱਲ ਦੇ ਆਪਰੇਸ਼ਨਾਂ ਨੂੰ ਤਕਨੀਕੀ, ਗੈਰ-ਤਕਨੀਕੀ ਅਤੇ ਵਿੱਤ ਤੇ ਪ੍ਰਸ਼ਾਸਨਿਕ ਸਹਾਇਤਾ ਦੇਣ ਲਈ ਜ਼ਿੰਮੇਵਾਰ, ਨਿਰਦੇਸ਼ਕ ਜਾਂ ਵਿਸ਼ੇਸ ਡਿਊਟੀ ਅਧਿਕਾਰੀ (ਓ ਐਸ ਡੀ) ਦੇ ਅਹੁਦੇ ਦੇ ਤਿੰਨ ਕੋਆਰਡੀਨੇਟਰਾਂ ਵਾਲੀ ਇੰਪਲੀਮੈਂਟੇਸ਼ਨ ਸਪੋਰਟ ਲੇਅਰ ਦਾ ਗਠਨ ਨਹੀਂ ਕੀਤਾ ਗਿਆ ਸੀ। ਰਾਜ ਡੀ ਬੀ ਟੀ ਸੈੱਲ ਦੁਆਰਾ ਨਾ ਤਾਂ ਕੋਈ ਸਿਖਲਾਈ ਕੈਲੰਡਰ ਤਿਆਰ ਕੀਤਾ ਗਿਆ ਸੀ ਅਤੇ ਨਾ ਹੀ ਰਾਜ ਦੇ ਕਰਮਚਾਰੀਆਂ ਨੂੰ ਡੀ ਬੀ ਟੀ ਬਾਰੇ ਕੋਈ ਸਿਖਲਾਈ ਪ੍ਰਦਾਨ ਕੀਤੀ ਗਈ ਸੀ। ਰਾਜ ਡੀ ਬੀ ਟੀ ਸੈੱਲ ਦੁਆਰਾ ਡੀ ਬੀ ਟੀ ਪ੍ਰਗਤੀਸ਼ੀਲ ਰਾਜਾਂ ਵਿੱਚ ਉਨਾਂ ਦੁਆਰਾ ਅਪਣਾਏ ਜਾ ਰਹੇ ਆਦਰਸ਼ਕ ਪ੍ਰਚਲਨਾਂ ਤੋਂ ਜਾਣੂ ਕਰਵਾਉਣ ਲਈ ਰਾਜ/ਜਿਲ੍ਹਾ ਕਰਮਚਾਰੀਆਂ ਲਈ ਕੋਈ ਐਕਸਪੋਜ਼ਰ ਵਿਜ਼ਿਟਸ ਦਾ ਆਯੋਜਨ ਨਹੀਂ ਕੀਤਾ ਗਿਆ ਸੀ। ਨਾ ਤਾਂ ਸਰਵੋਤਮ ਪ੍ਰਚਲਨਾਂ ਨੂੰ ਰਾਜ ਦੇ ਆਪਰੇਸ਼ਨਾਂ ਵਿੱਚ ਸ਼ਾਮਲ ਕਰਨ ਲਈ ਰੋਡਮੈਪ ਵਿਕਸਤ ਕਰਨ ਵਾਸਤੇ ਇਨ੍ਹਾਂ 'ਤੇ ਕੋਈ ਬੈਂਚ-ਮਾਰਕ ਅਧਿਐਨ ਕੀਤੇ ਗਏ ਸਨ ਅਤੇ ਨਾ ਹੀ ਰਾਜ ਡੀ ਬੀ ਟੀ ਸੈੱਲ ਦੁਆਰਾ ਕੀਤੇ ਗਏ ਪਾਇਲਟਾਂ/ਤਜ਼ਰਬਿਆਂ ਰਾਹੀਂ ਰਾਜ ਵਿੱਚ ਕੋਈ ਇਨੋਵੇਸ਼ਨ ਕੀਤੀ ਗਈ ਸੀ।

- ਸਕੀਮਾਂ ਅਤੇ ਪ੍ਰੋਗਰਾਮਾਂ ਦੀ ਤਿਆਰੀ ਦੀ ਨਿਰੰਤਰ ਨਿਗਰਾਨੀ ਕਰਨ ਲਈ ਰਾਜ ਪੱਧਰ ਤੇ ਮਜ਼ਬੂਤ ਸ਼ਾਸਨਿਕ ਢਾਂਚੇ ਦੀ ਘਾਟ ਸੀ। ਡੀ ਬੀ ਟੀ ਨੂੰ ਆਪਰੇਸ਼ਨੇਲਾਈਜ਼ ਕਰਨ ਲਈ ਰਾਜ ਡੀ ਬੀ ਟੀ ਸੈੱਲ ਜਾਂ ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਕੋਈ ਵਰਕਸ਼ਾਪ, ਸੈਮੀਨਾਰ, ਆਦਿ ਨਹੀਂ ਲਾਇਆ ਗਿਆ ਸੀ। ਇਸ ਤੋਂ ਇਲਾਵਾ ਰਾਜਾਂ ਵਿੱਚ ਡੀ ਬੀ ਟੀ ਦੇ ਪ੍ਰੋਟੋਕੋਲ ਦਸਤਾਵੇਜ਼ ਅਨੁਸਾਰ ਸਕੀਮਾਂ ਨੂੰ ਲਾਗੂ ਕਰਨ ਲਈ ਡੀ ਬੀ ਟੀ ਫਰੇਮਵਰਕ ਨੂੰ ਅਪਣਾਏ ਜਾਣ

ਨੂੰ ਯਕੀਨੀ ਬਨਾਉਣ ਲਈ, ਡੀ ਐਸ ਐਸ ਡਬਲਿਊ ਸੀ ਡੀ ਵਿੱਚ ਵਿਭਾਗੀ ਡੀ ਬੀ ਟੀ ਸੈੱਲ/ਕਮੇਟੀ ਦਾ ਗਠਨ ਨਹੀਂ ਕੀਤਾ ਗਿਆ ਸੀ।

- ਰਾਜ ਡੀ ਬੀ ਟੀ ਪੋਰਟਲ ਨੂੰ ਡੀ ਬੀ ਟੀ ਭਾਰਤ ਪੋਰਟਲ *(https://dbtbharat.gov.in)* ਨਾਲ ਜੋੜਿਆ ਗਿਆ ਸੀ ਅਤੇ ਰਾਜ ਦੇ 17 ਵਿਭਾਗਾਂ ਦੀਆਂ ਸਾਰੀਆਂ 127 ਪਛਾਣੀਆਂ ਗਈਆਂ ਸਕੀਮਾਂ ਨਾਲ ਸਬੰਧਤ ਜਾਣਕਾਰੀ ਪੋਰਟਲ ਤੇ ਪ੍ਰਦਰਸ਼ਿਤ ਕੀਤੀ ਗਈ ਸੀ। ਹਾਲਾਂਕਿ, ਸਟੈਂਡਰਡਾਈਜ਼ੇਸ਼ਨ ਟੈਸਟਿੰਗ ਕੁਆਲਟੀ ਸਰਟੀਫਿਕੇਸ਼ਨ ਕੋਲੋਂ ਵੈਬਸਾਈਟ ਗੁਣਵੱਤਾ ਸਰਟੀਫਿਕੇਸ਼ਨ ਪ੍ਰਾਪਤ ਨਹੀਂ ਕੀਤੀ ਗਈ ਸੀ; ਜੀ ਆਈ ਜੀ ਡਬਲਿਊ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਈਟ ਤੇ ਸਮੱਗਰੀ ਦੇ ਸਹੀ ਪ੍ਰਵਾਹ ਅਤੇ ਗੁਣਵੱਤਾ ਨੂੰ ਯਕੀਨੀ ਬਨਾਉਣ ਲਈ ਵੈਬ ਸੂਚਨਾ ਪ੍ਰਬੰਧਕ ਅਤੇ ਤਕਨੀਕੀ ਪ੍ਰਬੰਧਕ ਨਿਯੁਕਤ ਨਹੀਂ ਕੀਤੇ ਗਏ ਸਨ; ਰਾਜ ਡੀ ਬੀ ਟੀ ਪੋਰਟਲ ਤੇ ਸਮੱਗਰੀ ਪ੍ਰਕਾਸ਼ਿਤ ਕਰਨ ਦੇ ਸਬੰਧ ਵਿੱਚ ਡਾਟੇ ਦੀ ਪ੍ਰਮਾਣਿਕਤਾ ਅਤੇ ਜ਼ਿੰਮੇਵਾਰੀ, ਅਧਿਕਾਰੀਕਰਣ ਅਤੇ ਵਰਕ ਫਲੋਅ ਦੇ ਵੇਰਵਿਆਂ ਨੂੰ ਯਕੀਨੀ ਬਨਾਉਣ ਲਈ ਕੋਈ ਕੰਟੈਂਟ ਕੰਟਰੀਬਿਊਸ਼ਨ, ਮਾਡਰੇਸ਼ਨ ਅਤੇ ਅਪਰੂਵਲ ਨੀਤੀ ਨਹੀਂ ਬਣਾਈ ਗਈ ਸੀ; ਰਾਜ ਡੀ ਬੀ ਟੀ ਪੋਰਟਲ ਉੱਤੇ ਖੇਤਰੀ ਭਾਸ਼ਾ ਦੀ ਸਮੱਗਰੀ ਲਈ ਵਿਵਸਥਾ ਨਹੀਂ ਕੀਤੀ ਗਈ ਸੀ; ਅਤੇ ਵੱਖ ਵੱਖ ਪੋਰਟਲ ਫੰਕਸ਼ਨੈਲਟੀਜ਼ ਜਿਵੇਂ ਕਿ ਸਾਡੇ ਬਾਰੇ, ਸਕੀਮ, ਮਲਟੀਮੀਡੀਆ, ਦਸਤਾਵੇਜ਼, ਸਫਲਤਾ ਦੀ ਕਹਾਣੀ, ਡਾਊਨਲੋਡ, ਆਦਿ ਸਟੇਟ ਡੀ ਬੀ ਟੀ ਪੋਰਟਲ ਤੇ ਉਪਲੱਬਧ ਨਹੀਂ ਕਰਵਾਏ ਗਏ ਸਨ। ਡੀ ਬੀ ਟੀ ਅਧੀਨ ਤਿੰਨ ਚੁਣੀਆਂ ਗਈਆਂ ਸਕੀਮਾਂ ਵਿੱਚ 2017-2021 (ਜੁਲਾਈ 2020 ਤੱਕ) ਦੇ ਸਮੇਂ ਦੌਰਾਨ ਲਾਭਪਾਤਰੀਆਂ ਨੂੰ ਟਰਾਂਸਫਰ ਕੀਤੀ ਗਈ ਨਕਦ ਰਾਸ਼ੀ ਦੇ ਸਬੰਧ ਵਿੱਚ ਡੀ ਬੀ ਟੀ ਪੋਰਟਲ ਤੇ ਅਪਲੋਡ ਕੀਤੀ ਗਈ ਅਤੇ ਡੀ ਐਸ ਐਸ ਡਬਲਿਊ ਸੀ ਡੀ ਦੁਆਰਾ ਸਪਲਾਈ ਕੀਤੀ ਗਈ ਰਾਸ਼ੀ ਵਿਚਕਾਰ ਅੰਤਰ ਸੀ।

- ਡੀ ਐਸ ਐਸ ਡਬਲਿਊ ਸੀ ਡੀ ਕੋਲ ਰਾਜ ਡੀ ਬੀ ਟੀ ਪੋਰਟਲ ਲਈ ਕੋਈ ਆਫਤ ਰਿਕਵਰੀ ਅਤੇ ਕਾਰੋਬਾਰੀ ਨਿਰੰਤਰਤਾ ਯੋਜਨਾ ਅਤੇ ਰਾਜ ਡੀ ਬੀ ਟੀ ਪੋਰਟਲ ਅਤੇ ਪੀ ਬੀ ਐਮ ਐਸ ਐਪਲੀਕੇਸ਼ਨ ਦੋਵਾਂ ਲਈ ਕੋਈ ਪਾਸਵਰਡ ਪਾਲਿਸੀ ਨਹੀਂ ਸੀ।

## 4.8 ਸਿਫਾਰਸ਼ਾਂ

ਲੇਖਾ ਪ੍ਰੀਖਿਆ ਲੱਭਤਾਂ ਦੀ ਰੋਸ਼ਨੀ ਵਿੱਚ ਰਾਜ ਸਰਕਾਰ ਵਿਚਾਰ ਕਰ ਸਕਦੀ ਹੈ:

*(i)* *ਡੀ ਬੀ ਟੀ ਸੈੱਲ ਨੂੰ ਇੱਕ ਸੰਪੂਰਨ ਅਤੇ ਸਰਵ-ਪੱਖੀ ਸਲਾਹਕਾਰੀ ਅਤੇ ਕੰਸਲਟਿੰਗ ਇਨਪੁੱਟ ਮੁਹੱਈਆ ਕਰਵਾਉਣ ਲਈ, ਐਸ ਏ ਬੀ ਦੀਆਂ ਸਮੇਂ-ਸਮੇਂ ਤੇ ਬੈਠਕਾਂ ਕਰਨਾ;*

*(ii)* *ਰਾਜ ਡੀ ਬੀ ਟੀ ਸੈੱਲ ਲਈ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸਕੀਮਾਂ ਨੂੰ ਲਾਗੂ ਕਰਨ ਵਿੱਚ ਡੀ ਬੀ ਟੀ ਢਾਂਚੇ ਨੂੰ ਅਪਣਾਏ ਜਾਣ ਨੂੰ ਯਕੀਨੀ ਬਨਾਉਣ ਲਈ, ਹਰ ਇੱਕ ਵਿਭਾਗ ਵਿੱਚ ਅੰਦਰੂਨੀ ਡੀ ਬੀ ਟੀ ਸੈੱਲ/ਕਮੇਟੀ ਦਾ ਗਠਨ ਕਰਨ ਸਮੇਤ ਸ਼ਾਸਨਿਕ ਢਾਂਚੇ ਨੂੰ ਮਜ਼ਬੂਤ ਕਰਨਾ;*

*(iii)* *ਡੀ ਬੀ ਟੀ ਪੋਰਟਲ ਤੇ ਭਾਰਤ ਸਰਕਾਰ ਦੀਆਂ ਵੈਬਸਾਈਟਾਂ ਅਤੇ ਸਟੈਂਡਰਡ ਅਪਰੇਟਿੰਗ ਪ੍ਰਸੀਜ਼ਰ ਅਤੇ ਯੂਜ਼ਰ ਮੈਨੂਅਲ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡੀ ਬੀ ਟੀ ਪੋਰਟਲ ਦੀ ਹੋਸਟਿੰਗ ਕਰਨਾ, ਇਸ ਤੋਂ ਇਲਾਵਾ, ਡੀ ਬੀ ਟੀ ਅਧੀਨ ਸਬੰਧਤ ਸਕੀਮਾਂ ਵਿੱਚ ਲਾਭਪਾਤਰੀਆਂ ਨੂੰ ਟਰਾਂਸਫਰ ਕੀਤੇ ਲਾਭਾਂ ਦੇ ਸਬੰਧ ਵਿੱਚ ਰਾਜ ਡੀ ਬੀ ਟੀ ਪੋਰਟਲ 'ਤੇ ਪ੍ਰਮਾਣਿਕ ਡਾਟੇ ਨੂੰ ਦਰਸਾਉਣਾ; ਅਤੇ*

*(iv)* *ਰਾਜ ਡੀ ਬੀ ਟੀ ਪੋਰਟਲ ਅਤੇ ਪੀ ਬੀ ਐਮ ਐਸ ਐਪਲੀਕੇਸ਼ਨ ਦੀ ਸੁਰੱਖਿਆ ਅਤੇ ਨਿਰਵਿਘਨ ਕੰਮਕਾਰ ਨੂੰ ਯਕੀਨੀ ਬਨਾਉਣ ਲਈ ਆਫਤ ਰਿਕਵਰੀ ਤੇ ਕਾਰੋਬਾਰੀ ਨਿਰੰਤਰਤਾ ਯੋਜਨਾ ਅਤੇ ਪਾਸਵਰਡ ਨੀਤੀ ਸਥਾਪਤ ਕਰਨਾ ।*

**ਚੰਡੀਗੜ੍ਹ**
**ਮਿਤੀ:** 18 **ਅਪ੍ਰੈਲ** 2022

Punam Pandey
**(ਪੂਨਮ ਪਾਂਡੇ)**
**ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ**

**ਤਸਦੀਕ ਸਹੀ**

**ਨਵੀਂ ਦਿੱਲੀ**
**ਮਿਤੀ:** 26 **ਅਪ੍ਰੈਲ** 2022

**(ਗਿਰੀਸ਼ ਚੰਦਰ ਮੁਰਮੂ)**
**ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ**

# ਅੰਤਿਕਾਵਾਂ

## ਅੰਤਿਕਾ 1.1

*(ਪੈਰ੍ਹਾ 1.3; ਪੰਨਾ 5 ਦੇ ਹਵਾਲੇ ਵਿੱਚ)*

**ਸਾਲ 2017-2021 (ਜੁਲਾਈ 2020 ਤੱਕ) ਦੇ ਦੌਰਾਨ ਡੀ ਬੀ ਟੀ (ਕੈਸ਼ ਟਰਾਂਸਫਰ) ਦੇ ਅਧੀਨ ਸਕੀਮਾਂ ਦੀ ਕੁੱਲ ਸੰਖਿਆ, ਕਵਰ ਕੀਤੇ ਲਾਭਪਾਤਰੀਆਂ ਅਤੇ ਕੀਤੇ ਖਰਚੇ ਦੇ ਵਿਭਾਗ ਵਾਰ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਵਿਭਾਗ/ਐਨੱਟਿਟੀ ਦਾ ਨਾਂ | 2017-18 | | | 2018-19 | | | 2019-20 | | | 2020-21 (07/2020 ਤੱਕ) | | | ਕੁੱਲ ਖਰਚਾ |
|---|---|---|---|---|---|---|---|---|---|---|---|---|---|---|
| | | ਸਕੀਮਾਂ ਦੀ ਸੰਖਿਆ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਸਕੀਮਾਂ ਦੀ ਸੰਖਿਆ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਸਕੀਮਾਂ ਦੀ ਸੰਖਿਆ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਸਕੀਮਾਂ ਦੀ ਸੰਖਿਆ | ਲਾਭਪਾਤਰੀਆਂ ਦੀ ਸੰਖਿਆ | ਖਰਚਾ | |
| 1. | ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ | 13 | 21,00,281 | 6,053.70 | 13 | 23,75,598 | 486.78 | 13 | 26,90,956 | 588.43 | 18 | 27,25,384 | 1,545.52 | 8,674.43 |
| 2. | ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ | 2 | 10,35,173 | 0.00 | 3 | 12,08,038 | 456.63 | 3 | 14,19,994 | 664.62 | 3 | 14,89,666 | 474.99 | 1,596.24 |
| 3. | ਸਕੂਲ ਸਿਖਿਆ ਵਿਭਾਗ | 1 | 0 | 0.00 | 3 | 45,102 | 0.00 | 3 | 14,214 | 9.04 | 2 | 0 | 0.00 | 9.04 |
| 4. | ਸਮਾਜਿਕ ਨਿਆਂ, ਸ਼ਕਤੀਕਰਨ ਅਤੇ ਘੱਟ ਗਿਣਤੀਆਂ ਵਿਭਾਗ | 25 | 13,77,476 | 0.00 | 28 | 30,290 | 91.81 | 25 | 7,13,856 | 243.06 | 28 | 199 | 0.25 | 335.12 |
| 5. | ਸਿਹਤ ਅਤੇ ਪਰਿਵਾਰ ਭਲਾਈ ਵਿਭਾਗ | 2 | 11,988 | 19.81 | 2 | 11,937 | 107.29 | 4 | 66,980 | 879.14 | 6 | 68,652 | 198.01 | 1,204.25 |

| ਲੜੀ ਨੰ. | ਵਿਭਾਗ/ਐਨੱਟਿਟੀ ਦਾ ਨਾਂ | 2017-18 | | | 2018-19 | | | 2019-20 | | | 2020-21 (07/2020 ਤੱਕ) | | | ਕੁੱਲ ਖਰਚਾ |
|---|---|---|---|---|---|---|---|---|---|---|---|---|---|---|
| | | ਸਕੀਮਾਂ ਦੀ ਸੰਖਿਆ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਸਕੀਮਾਂ ਦੀ ਸੰਖਿਆ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਸਕੀਮਾਂ ਦੀ ਸੰਖਿਆ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਸਕੀਮਾਂ ਦੀ ਸੰਖਿਆ | ਲਾਭਪਾਤਰੀਆਂ ਦੀ ਸੰਖਿਆ | ਖਰਚਾ | |
| 6. | ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ | 4 | 0 | 0.00 | 4 | 74 | 1.07 | 5 | 3,490 | 0.50 | 5 | 3,731 | 0.00 | 1.57 |
| 7. | ਰਖਿਆ ਸੇਵਾਵਾਂ ਭਲਾਈ ਵਿਭਾਗ | 4 | 1,744 | 12.32 | 10 | 3,292 | 28.88 | 10 | 3,904 | 20.81 | 10 | 3,426 | 21.14 | 83.15 |
| 8. | ਕਿਰਤ ਵਿਭਾਗ | -- | -- | -- | 7 | 6,424 | 25.86 | 15 | 39,141 | 23.71 | 16 | 11,632 | 13.40 | 62.97 |
| 9. | ਖੇਤੀਬਾੜੀ ਅਤੇ ਕਿਸਾਨਾਂ ਦੀ ਭਲਾਈ ਵਿਭਾਗ | -- | -- | -- | 1 | 8,14,551 | 1,293.26 | 1 | 6,07,286 | 1,110.14 | 2 | 6,07,768 | 1.01 | 2,404.41 |
| 10. | ਬਾਗਬਾਨੀ ਵਿਭਾਗ | -- | -- | -- | -- | -- | -- | 1 | 0 | 0.00 | 1 | 287 | 0.55 | 0.55 |
| 11. | ਪੰਜਾਬ ਮਿਉਨਿਸਪਲ ਬੁਨਿਆਦੀ ਢਾਂਚਾ ਕੰਪਨੀ | -- | -- | -- | -- | -- | -- | 1 | 81,783 | 26.43 | 1 | 7,394 | 4.86 | 31.29 |
| 12. | ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ | -- | -- | -- | -- | -- | -- | -- | -- | -- | 1 | 282 | 1.16 | 1.16 |
| 13. | ਪੰਜਾਬ ਰਾਜ ਸ਼ਹਿਰੀ ਲਾਈਵਲੀਹੁੱਡ ਮਿਸ਼ਨ | -- | -- | -- | -- | -- | -- | -- | -- | -- | 1 | 4340 | 28.61 | 28.61 |
| **ਜੋੜ** | | **51** | **45,26,662** | **6,085.83** | **71** | **44,95,306** | **2,491.58** | **81** | **56,41,604** | **3,565.88** | **94** | **49,22,761** | **2,289.50** | **14,432.79** |

*ਸ੍ਰੋਤ: ਵਿਭਾਗੀ ਡਾਟਾ*

# ਅੰਤਿਕਾ 2.1

*(ਪੈਰ੍ਹਾ 2.1; ਪੰਨਾ 7 ਦੇ ਹਵਾਲੇ ਵਿੱਚ)*

## 2017-2021 (ਜੁਲਾਈ 2020 ਤੱਕ) ਦੇ ਦੌਰਾਨ ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਦੁਆਰਾ ਲਾਗੂ ਕੀਤੀਆਂ ਜਾ ਰਹੀਆਂ ਡੀ ਬੀ ਟੀ (ਕੈਸ਼ ਟਰਾਂਸਫਰ) ਅਧੀਨ ਸਕੀਮਾਂ ਦੇ ਵੇਰਵੇ

*(₹ ਕਰੋੜ ਵਿੱਚ)*

| ਲੜੀ ਨੰ. | ਸਕੀਮ ਦਾ ਨਾਂ | 2017-18 | | 2018-19 | | 2019-20 | | 2020-21 (ਜੁਲਾਈ 2020 ਤੱਕ) | | ਕੁੱਲ ਫੰਡ ਟਰਾਂਸਫਰ ਕੀਤੇ | ਕੁੱਲ ਖਰਚੇ ਦੀ ਪ੍ਰਤੀਸ਼ਤਤਾ |
|---|---|---|---|---|---|---|---|---|---|---|---|
| | | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਲਾਭਪਾਤਰੀਆਂ ਦੀ ਸੰਖਿਆ | ਖਰਚਾ | | |
| 1. | ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ | 1,56,858 | 0 | 1,56,858 | 0 | 1,56,858 | 0 | 1,03,953 | 26.66 | 26.66 | 0.31 |
| 2. | ਇੰਦਰਾ ਗਾਂਧੀ ਰਾਸ਼ਟਰੀ ਵਿਧਵਾ ਪੈਨਸ਼ਨ ਸਕੀਮ | 16,647 | 0 | 16,647 | 0 | 16,647 | 0 | 16,757 | 5.36 | 5.36 | 0.07 |
| 3. | ਇੰਦਰਾ ਗਾਂਧੀ ਰਾਸ਼ਟਰੀ ਅਪਾਹਜਤਾ ਪੈਨਸ਼ਨ ਸਕੀਮ | 4,934 | 0 | 4,934 | 0 | 5,320 | 0 | 5,460 | 1.29 | 1.29 | 0.01 |
| 4. | ਬੁਢਾਪਾ ਪੈਨਸ਼ਨ ਸਕੀਮ | 11,98,311 | 5,242.92 | 14,51,396 | 262.06 | 16,81,304 | 246.30 | 17,07,291 | 822.22 | 6573.50 | 75.78 |
| 5. | ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਨੂੰ ਵਿੱਤੀ ਸਹਾਇਤਾ | 3,41,482 | 399.88 | 4,04,468 | 24.97 | 4,58,775 | 102.02 | 4,69,271 | 241.74 | 768.61 | 8.86 |
| 6. | ਨਿਰਭਰ ਬੱਚਿਆਂ ਨੂੰ ਵਿੱਤੀ ਸਹਾਇਤਾ | 1,48,206 | 206.81 | 94,529 | 8.58 | 1,05,285 | 23.05 | 1,05,375 | 92.07 | 330.51 | 3.81 |
| 7. | ਅਪਾਹਜ ਵਿਅਕਤੀਆਂ ਨੂੰ ਵਿੱਤੀ ਸਹਾਇਤਾ | 1,43,861 | 168.28 | 1,76,580 | 11.26 | 1,99,439 | 28.46 | 2,02,238 | 121.56 | 329.56 | 3.80 |

| ਲੜੀ ਨੰ. | ਸਕੀਮ ਦਾ ਨਾਂ | 2017-18 | | 2018-19 | | 2019-20 | | 2020-21 (ਜੁਲਾਈ 2020 ਤੱਕ) | | ਕੁੱਲ ਫੰਡ ਟਰਾਂਸਫਰ ਕੀਤੇ | ਕੁੱਲ ਖਰਚੇ ਦੀ ਪ੍ਰਤੀਸ਼ਤਤਾ |
|---|---|---|---|---|---|---|---|---|---|---|---|
| | | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਲਾਭਪਾਤਰੀਆਂ ਦੀ ਸੰਖਿਆ | ਖਰਚਾ | | |
| 8. | ਆਈ ਸੀ ਡੀ ਐਸ- ਟ੍ਰੇਨਿੰਗ | 3,153 | 1.03 | 3,690 | 10.71 | 543 | 0.76 | 20 | 0.17 | 12.67 | 0.15 |
| 9. | ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ | 34,667 | 5.95 | 13,718 | 60.18 | 12,420 | 40.37 | 9,605 | 11.88 | 118.38 | 1.36 |
| 10. | ਸੁਰੱਖਿਆ ਅਤੇ ਨਾਰੀ ਦਾ ਸਸ਼ਕਤੀਕਰਨ-ਸਵਾਧਾਰ ਗ੍ਰਹਿ-ਸਟਾਫ ਨੂੰ ਤਨਖਾਹ | 13 | 0 | 14 | 0 | 14 | 0 | 2 | 0 | 0 | 0.00 |
| 11. | ਏਕੀਕ੍ਰਿਤ ਬਾਲ ਸੁਰੱਖਿਆ ਯੋਜਨਾ (ਆਈ ਸੀ ਪੀ ਐਸ) - ਸਟਾਫ ਨੂੰ ਤਨਖਾਹ | 419 | 0.57 | 382 | 3.71 | 332 | 4.17 | 269 | 4.02 | 12.47 | 0.14 |
| 12. | ਰਾਸ਼ਟਰੀ ਕਰੈਚ ਸਕੀਮ-ਵਰਕਰਾਂ ਨੂੰ ਮਾਣਭੱਤਾ | 416 | 0 | 416 | 0.57 | 350 | 0.62 | 350 | 1.09 | 2.28 | 0.03 |
| 13. | ਅੰਬਰੈਲਾ ਆਈ ਸੀ ਡੀ ਐਸ - ਆਗਨਵਾੜੀ ਸੇਵਾਵਾਂ (ਏ ਡਬਲਿਊ ਡਬਲਿਊ ਅਤੇ ਏ ਡਬਲਿਊ ਐਚ ਨੂੰ ਮਾਣਭੱਤਾ) | 51,314 | 28.26 | 51,966 | 104.74 | 53,669 | 142.68 | 53,353 | 156.04 | 431.72 | 4.98 |
| 14. | ਇਸਤਰੀਆਂ ਦੀ ਸੁਰੱਖਿਆ ਅਤੇ ਸਸ਼ਕਤੀਕਰਨ-ਇਸਤਰੀਆਂ ਦੇ ਸਸ਼ਕਤੀਕਰਨ ਲਈ ਰਾਸ਼ਟਰੀ ਮਿਸ਼ਨ | -- | -- | -- | -- | -- | -- | 3 | 0.08 | 0.08 | 0.00 |
| 15. | ਬਾਲ ਸੁਰੱਖਿਆ ਸੇਵਾਵਾਂ-ਲਾਭਪਾਤਰੀਆਂ ਨੂੰ ਸਹੂਲਤਾਂ (ਸਪਾਂਸਰਸ਼ਿਪ) | -- | -- | -- | -- | -- | -- | 325 | 0.15 | 0.15 | 0.00 |

| ਲੜੀ ਨੰ. | ਸਕੀਮ ਦਾ ਨਾਂ | 2017-18 | | 2018-19 | | 2019-20 | | 2020-21 (ਜੁਲਾਈ 2020 ਤੱਕ) | | ਕੁੱਲ ਫੰਡ ਟਰਾਂਸਫਰ ਕੀਤੇ | ਕੁੱਲ ਖਰਚੇ ਦੀ ਪ੍ਰਤੀਸ਼ਤਤਾ |
|---|---|---|---|---|---|---|---|---|---|---|---|
| | | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਲਾਭਪਾਤਰੀਆਂ ਦੀ ਸੰਖਿਆ | ਖਰਚਾ | ਲਾਭਪਾਤਰੀਆਂ ਦੀ ਸੰਖਿਆ | ਖਰਚਾ | | |
| 16. | ਰਾਸ਼ਟਰੀ ਪਰਿਵਾਰ ਲਾਭ ਸਕੀਮ | -- | -- | -- | -- | -- | -- | 592 | 1.87 | 1.87 | 0.02 |
| 17. | ਵਨ ਸਟਾਪ ਸੈਂਟਰ-ਸਟਾਫ ਨੂੰ ਤਨਖਾਹ ਦੀ ਅਦਾਇਗੀ | -- | -- | -- | -- | -- | -- | 220 | 0 | 0 | 0.00 |
| 18. | ਆਂਗਨਵਾੜੀ ਸੇਵਾਵਾਂ- ਏ ਡਬਲਿਊ ਡਬਲਿਊ ਅਤੇ ਏ ਡਬਲਿਊ ਐਚ ਨੂੰ ਮਾਣਭੱਤਾ | -- | -- | -- | -- | -- | -- | 50,300 | 59.32 | 59.32 | 0.68 |
| **ਜੋੜ** | | **21,00,281** | **6,053.70** | **23,75,598** | **486.78** | **26,90,956** | **588.43** | **27,25,384** | **1,545.52** | **8,674.43** | **100.00** |

*ਸ੍ਰੋਤ: ਵਿਭਾਗੀ ਡਾਟਾ*

©
ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
**www.cag.gov.in**

**www.cag.gov.in/ag/punjab**